ੴ ਸਤਿਗੁਰ ਪ੍ਰਸਾਦਿ।।

# ਖ਼ਾਲਸਾ ਕਾਲਜ ਪਟਿਆਲਾ

(ਜਰਨਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ)

## ਸਲਾਨਾ ਰਿਪੋਰਟ

## 2007-08

ਪ੍ਰਸਤੁਤ ਕਰਤਾ
ਡਾ. ਦਯਾ ਸਿੰਘ ਧਾਲੀਵਾਲ
ਪ੍ਰਿੰਸੀਪਲ

ਤਿਆਰ ਕਰਤਾ
ਡਾ. ਪੁਸ਼ਪਿੰਦਰ ਕੌਰ
ਲੈਕਚਰਾਰ ਪੰਜਾਬੀ ਵਿਭਾਗ

# ਖ਼ਾਲਸਾ ਕਾਲਜ, ਪਟਿਆਲਾ

(ਜਰਨਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ)

# ਸਲਾਨਾ ਰਿਪੋਰਟ
# 2007-08

## ਵਾਹਿਗੁਰੂ ਜੀ ਕਾ ਖ਼ਾਲਸਾ
## ਵਾਹਿਗੁਰੂ ਜੀ ਕੀ ਫ਼ਤਹਿ

ਸੈਸ਼ਨ 2007-08 ਖ਼ਾਲਸਾ ਕਾਲਜ ਵਾਸਤੇ ਬਹੁਤ ਹੀ ਸੁਭਾਗਾ ਰਿਹਾ। ਇਸ ਸੈਸ਼ਨ ਦੌਰਾਨ ਕਾਲਜ ਦੇ ਕਈ ਵਿਦਿਆਰਥੀਆਂ ਨੇ ਵਿਦਿਅਕ, ਧਾਰਮਕ, ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਯੂਨੀਵਰਸਿਟੀ ਦੀਆਂ ਪਹਿਲੀਆਂ ਪੁਜੀਸ਼ਨਾਂ ਹਾਸਲ ਕੀਤੀਆਂ। ਕਾਲਜ ਦੇ ਕਈ ਖਿਡਾਰੀਆਂ ਨੇ ਨੈਸ਼ਨਲ ਅਤੇ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਦੌਰਾਨ 60 ਮੈਡਲ ਹਾਸਲ ਕੀਤੇ ਅਤੇ ਦੋ ਖਿਡਾਰੀਆਂ ਨੇ ਅੰਤਰ ਰਾਸ਼ਟਰੀ ਪੱਧਰ ਤੇ ਭਾਗ ਲਿਆ। ਕੈਂਪਸ ਪਲੇਸਮੈਂਟ ਅਧੀਨ 6 ਮਲਟੀਨੈਸ਼ਨਲ ਕੰਪਨੀਆਂ ਨੇ ਕਾਲਜ ਦਾ ਦੌਰਾ ਕੀਤਾ ਅਤੇ ਵੱਖ ਵੱਖ ਵਿਭਾਗਾਂ ਦੇ 66 ਵਿਦਿਆਰਥੀਆਂ ਦੀ ਚੋਣ ਕੀਤੀ। ਕੰਪਿਊਟਰ ਵਿਭਾਗ ਦੁਆਰਾ 12 ਨਵੇਂ ਅਤਿ ਆਧੁਨਿਕ ਕਿਸਮ ਦੇ ਕੰਪਿਊਟਰ, ਇਕ ਮਲਟੀਮੀਡੀਆ ਪ੍ਰੋਜੈਕਟਰ ਅਤੇ 30 ਕੰਪਿਊਟਰਾਂ ਉਪਰ ਇੰਟਰਨੈੱਟ ਦੀ facility Install ਕਰਵਾਈ ਗਈ।

### ਵਿਦਿਅਕ ਪ੍ਰਾਪਤੀਆਂ

ਖ਼ਾਲਸਾ ਕਾਲਜ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸੈਸ਼ਨ 2006-07 ਦੀਆਂ ਪ੍ਰੀਖਿਆਵਾਂ ਦੌਰਾਨ ਕਈ ਕਾਬਿਲੇ-ਤਾਰੀਫ਼ ਮੱਲਾਂ ਮਾਰੀਆਂ। ਬੀ.ਐਸ.ਸੀ. ਬਾਇਓਟੈਕਨਾਲੋਜੀ ਭਾਗ ਤੀਜਾ ਦੀਆਂ ਤਿੰਨ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀਆਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕੀਤੀਆਂ । ਸੋਨਿਕਾ ਪਾਹਵਾ ਨੇ 74.92% ਅੰਕ ਲੈ ਕੇ ਪਹਿਲਾ ਸਥਾਨ, ਸ਼ਿਖਾ ਜਿੰਦਲ ਨੇ 73.96% ਲੈ ਕੇ ਦੂਸਰਾ ਸਥਾਨ ਅਤੇ ਅਦਿਤੀ ਸੂਦ ਨੇ 70.92% ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਯਾਦ ਰਹੇ ਇਨ੍ਹਾਂ ਹੀ ਵਿਦਿਆਰਥਣਾਂ ਨੇ ਪਿਛਲੇ ਸੈਸ਼ਨ ਦੌਰਾਨ ਬੀ.ਐਸ.ਸੀ. ਭਾਗ ਦੂਜਾ ਦੀਆਂ ਪ੍ਰੀਖਿਆਵਾਂ ਸਮੇਂ ਵੀ ਯੂਨੀਵਰਸਿਟੀ ਦੀਆਂ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕੀਤੀਆਂ ਸਨ।

ਅਕਾਦਮਿਕ ਸੈਸ਼ਨ 2006-07 ਦੌਰਾਨ ਕਾਲਜ ਦੀਆਂ ਹੇਠ ਲਿਖੀਆਂ ਕਲਾਸਾਂ/ ਵਿਸ਼ਿਆਂ ਦੇ ਨਤੀਜੇ 100% ਰਹੇ।

**BA I**

Physical Education Pr., Music(V) Pr., Music(I) Pr., FAC Pr., Fine Arts Pr., Home Sc Pr.,I.T. Pr.

**BA II**

PHC, English Lit, Phy.Edu. Th & Pr., Music(V) Pr., Music(I) Pr., FAC Th & Pr., Fine Arts Pr.,Home Sc Th & Pr.,IT Pr.

**BA III**

Punjabi (Comp), Punjabi Lit, Pub.Admn, Religion, Phy Edu Th & Pr., Music (V) Pr.,Music(I) Pr., FAC Th & Pr., Fine Arts Th & Pr., Home Sc Th & Pr., IT Pr., Computer Application Th & Pr.

**B.Sc. I**

Pbi Comp., PHC, Cell Bio. Pr., Micro Bio. Pr., Chemistry Pr., Physics Pr., Computer App. Pr., Computer Maintenance Pr.

**B.Sc. II**

English, Bio Phy & Bio Chem. Th. & Pr., Genetics & RDNA Pr.,Chemistry Pr., Physics Pr., Comp. App. Pr., Comp. Mainte. Th. & Pr.

**B.Sc. III**

Environment & Micro Bio Th & Pr., Immonulogy & Tissue Culture Pr., Bio.Chemical Engg.Pr., Chemistry Pr., Physics Th & Pr.,Comp App. Th & Pr., Comp. Mainte Th. & Pr., IT Th. & Pr.

**B.Com. I**

Pbi. Comp., PHC, Comp. (Voc.) Th. & Pr.

**B.Com. II**

Pbi. Comp., PHC, Comp.(Voc.) Pr.

**B.Com III**

Comp.(Voc) Th. & Pr., Fundamentals of Enterpreneurship, Management Accounting , Indirect Taxes, Money & Financial Institutons, Financial Market Operations, Principles of Marketing, International Marketing.

**BCA I**

Software Lab. I, Software Lab. II

**BCA II**

Data Structure, Software Lab. III, Software Lab. IV

**BCA III**

English, Software Lab. V, Software Lab. VI

**PGDCA**

Software Lab I, II, III, IV, Project.

**M.A. I (Sem I) Punjabi**
Punjabi Natak, Punjabi Galap, Alochna De Sidhant.

**M.A. I (Sem. II) Punjabi**
Punjabi Natak, Alochna De Sidhant.

**M.Sc. I (Sem.I) Maths**
Real Analysis, Set Theory & Metric Spaces, Differential Geometry

**M.Sc. I (Sem. II) Maths**
Complex Analysis I.

# ਸਭਿਆਚਾਰਕ ਸਰਗਰਮੀਆਂ

23 ਅਕਤੂਬਰ ਤੋਂ 25 ਅਕਤੂਬਰ, 2007 ਤੱਕ ਪਬਲਿਕ ਕਾਲਜ ਸਮਾਣਾ ਵਿੱਚ ਹੋਏ ਪਟਿਆਲਾ ਜ਼ੋਨ ਯੁਵਕ ਮੇਲੇ ਵਿੱਚ ਖ਼ਾਲਸਾ ਕਾਲਜ ਪਟਿਆਲਾ ਨੇ ਗਰੁਪ ਸ਼ਬਦ, ਇੰਸਟਾਲੇਸ਼ਨ ਅਤੇ ਟੋਕਰੀ ਬਣਾਉਣ ਵਿੱਚ ਪਹਿਲਾ ਸਥਾਨ। ਨਾਨ-ਪ੍ਰਕਸ਼ਨ, ਪੇਂਟਿੰਗ, ਫੋਕ ਆਰਕੈਸਟਰਾ, ਸਕਿਟ, ਛਿਕਲੀ ਅਤੇ ਖਿਦੋ ਵਿੱਚ ਦੂਜਾ ਸਥਾਨ। ਪ੍ਰਕਸ਼ਨ, ਵੈਸਟਰਨ ਸੋਲੋ, ਵੈਸਟਰਨ ਗਰੁਪ ਸੌਂਗ, ਨਾਟਕ, ਕੋਲਾਜ਼ ਮੇਕਿੰਗ, ਐਲਿਓਕੇਸ਼ਨ, ਭੰਗੜਾ ਅਤੇ ਰੰਗੋਲੀ ਵਿੱਚ ਤੀਜਾ ਸਥਾਨ। ਕਲਸੀਕਲ ਵੋਕਲ, ਗਰੁਪ ਸੌਂਗ ਇੰਡੀਅਨ, ਪੋਸਟਰ ਮੇਕਿੰਗ, ਮਾਈਮ ਅਤੇ ਰੱਸਾ ਵੱਟਣ ਵਿੱਚ ਚੌਥਾ ਸਥਾਨ ਹਾਸਲ ਕੀਤਾ।

5 ਨਵੰਬਰ ਤੋਂ 8 ਨਵੰਬਰ, 2007 ਤੱਕ ਹੋਏ ਅੰਤਰ ਜ਼ੋਨਲ ਯੁਵਕ ਮੇਲੇ ਵਿੱਚ ਕਾਲਜ ਨੇ ਗਰੁਪ ਸ਼ਬਦ ਅਤੇ ਇੰਸਟਾਲੇਸ਼ਨ ਵਿੱਚ ਦੂਜਾ ਸਥਾਨ। ਨਾਨ-ਪ੍ਰਕਸ਼ਨ ਵਿੱਚ ਤੀਜਾ ਸਥਾਨ ਅਤੇ ਖਿਦੋ ਬਣਾਉਣ ਵਿੱਚ ਚੌਥਾ ਸਥਾਨ ਹਾਸਲ ਕੀਤਾ।

ਮਿਤੀ 2, 3 ਅਤੇ 4 ਨਵੰਬਰ, 2007 ਨੂੰ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਪੰਜਵੇਂ ਖ਼ਾਲਸਾਈ ਖੇਡ ਉਤਸਵ ਦੌਰਾਨ ਕਾਲਜ ਵਲੋਂ ਪੰਜਾਬੀ ਵਿਰਾਸਤ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਤ ਵਸਤਾਂ ਦਾ ਜੱਜਾਂ ਵਲੋਂ ਤਿੰਨ ਸ਼੍ਰੇਣੀਆਂ ਵਿੱਜ ਮੁਲਾਂਕਣ ਕੀਤਾ ਗਿਆ, ਕਾਲਜ ਨੇ ਸਾਰੀਆਂ ਸ਼੍ਰੇਣੀਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਓਵਰ ਆਲ ਟਰਾਫ਼ੀ ਜਿੱਤੀ।

22 ਨਵੰਬਰ, 2007 ਨੂੰ ਭਾਸ਼ਾ ਵਿਭਾਗ, ਪਟਿਆਲਾ ਵਲੋਂ ਜ਼ਿਲ੍ਹਾ ਪੱਧਰ ਤੇ ਨੰਦ ਲਾਲ ਨੂਰਪੁਰੀ ਦੀਆਂ ਕਵਿਤਾਵਾਂ ਦਾ ਗਾਇਨ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਕਾਲਜ ਦੇ ਦੋ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਪਹਿਲਾ ਸਥਾਨ ਹਾਸਲ ਕੀਤਾ। ਮਿਤੀ 7 ਦਸੰਬਰ, 2007 ਨੂੰ ਭਾਸ਼ਾ ਵਿਭਾਗ ਦੁਆਰਾ ਇਹੀ ਮੁਕਾਬਲਾ ਰਾਜ ਪੱਧਰ ਤੇ ਕਰਵਾਇਆ ਗਿਆ, ਜਿਸ ਵਿੱਚ ਕਾਲਜ ਨੇ ਦੂਸਰਾ ਸਥਾਨ ਹਾਸਲ ਕੀਤਾ।

ਮਿਤੀ 28 ਅਤੇ 29 ਜਨਵਰੀ, 2008 ਨੂੰ ਗੁਰਮਤਿ ਕਾਲਜ, ਪਟਿਆਲਾ ਵਿਖੇ ਹੋਏ 'ਯੁਵਕ ਮੇਲਾ-2008' ਵਿੱਚ ਕਾਲਜ ਨੇ ਵਾਰ ਗਾਇਨ ਅਤੇ ਕਵਿਤਾ ਗਾਇਨ ਮੁਕਾਬਲੇ ਵਿੱਚ ਪਹਿਲਾ ਸਥਾਨ ਅਤੇ ਕਵੀਸ਼ਰੀ ਗਾਇਨ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਕਾਲਜ ਨੇ ਸਿੱਖ ਰਿਲੀਜ਼ਨ ਅਕੈਡਮੀ ਦੁਆਰਾ ਕਰਵਾਏ ਗਏ ਸ਼ਬਦ ਗਾਇਨ ਮੁਕਾਬਲੇ ਵਿੱਚ ਵੀ ਤੀਸਰਾ ਸਥਾਨ ਹਾਸਲ ਕੀਤਾ।

## ਐਨ.ਸੀ.ਸੀ. (ਆਰਮੀ ਵਿੰਗ)

ਪ੍ਰੋ. ਨਿਸ਼ਾਨ ਸਿੰਘ ਦੀ ਅਗਵਾਈ ਅਧੀਨ ਐਨ.ਸੀ.ਸੀ. (ਆਰਮੀ ਵਿੰਗ) ਵਿੱਚ 65 ਕੈਡਿਟਸ ਭਰਤੀ ਕੀਤੇ ਗਏ। ਪਹਿਲੇ ਸਾਲ ਵਿੱਚ 44 (5 ਲੜਕੀਆਂ) ਦੂਜੇ ਵਿੱਚ 13 (2 ਲੜਕੀਆਂ) ਅਤੇ ਤੀਜੇ ਸਾਲ ਵਿੱਚ 8 ਕੈਡਿਟਸ (4 ਲੜਕੀਆਂ) ਭਰਤੀ ਕੀਤੇ ਗਏ। ਕਾਲਜ ਦੇ 8 ਕੈਡਿਟਸ ਨੇ ਅਜ਼ਾਦੀ ਦਿਵਸ ਸਮਾਰੋਹ ਵਿੱਚ, 2 ਕੈਡਿਟਸ ਲੜਕੀਆਂ ਨੇ ਫਿਰੋਜ਼ਪੁਰ ਵਿਖੇ ਲਗੇ ਟੀ.ਐਸ.ਸੀ. ਕੈਂਪ ਵਿੱਚ, ਸੀਨੀਅਰ

ਅੰਡਰ ਅਫ਼ਸਰ ਦਰਸ਼ਨ ਸਿੰਘ ਨੇ ਬਠਿੰਡਾ ਵਿਖੇ ਲਗੇ ਪ੍ਰੀ.ਟੀ.ਐਸ.ਸੀ. ਕੈਂਪ ਵਿੱਚ, 8 ਕੈਡਿਟਸ ਨੇ ਰੋਪੜ ਵਿਖੇ ਲੱਗੇ ਪ੍ਰੀ-ਡੀਕੈਟ-1 ਕੈਂਪ ਵਿੱਚ, 6 ਕੈਡਿਟਸ ਨੇ ਧੂਰੀ ਵਿਖੇ ਲੱਗੇ ਡੀਕੈਟ-1 ਕੈਂਪ ਵਿੱਚ, 15 ਕੈਡਿਟਸ ਨੇ ਆਰ.ਡੀ. ਪਰੇਡ ਵਿੱਚ ਅਤੇ 32 ਕੈਡਿਟਸ ਨੇ ਮਹਿੰਦਰਾ ਕਾਲਜ ਪਟਿਆਲਾ ਵਿਖੇ ਲੱਗੇ ਏ.ਟੀ.ਸੀ. ਕੈਂਪ ਵਿੱਚ ਭਾਗ ਲਿਆ। ਏ.ਟੀ.ਸੀ. ਕੈਂਪ ਦੌਰਾਨ ਵਿਦਿਆਰਥੀਆਂ ਨੇ ਵੱਖ ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈ ਕੇ 19 ਗੋਲਡ ਮੈਡਲ ਪ੍ਰਾਪਤ ਕੀਤੇ ਅਤੇ ਕੈਂਪ ਦੀ ਓਵਰ ਆਲ ਟਰਾਫ਼ੀ ਜਿੱਤੀ। ਇਸ ਤੋਂ ਇਲਾਵਾ ਕਾਲਜ ਕੈਡਿਟਸ ਨੇ ਫਾਇਰਿੰਗ ਕੈਂਪ, ਐਨ.ਸੀ.ਸੀ. ਡੇ ਅਤੇ ਪਲੱਸ ਪੋਲੀਓ ਅਭਿਆਨ ਆਦਿ ਵਿੱਚ ਵੀ ਭਾਗ ਲਿਆ। ਇਸ ਸੈਸ਼ਨ ਦੌਰਾਨ ਕਾਲਜ ਦੇ 8 ਕੈਡਿਟਸ 'ਸੀ' ਅਤੇ 34 ਕੈਡਿਟਸ 'ਬੀ' ਪੇਪਰ ਵਿੱਚ ਬੈਠ ਰਹੇ ਹਨ।

### ਐਨ.ਸੀ.ਸੀ. (ਏਅਰ ਵਿੰਗ)

ਪ੍ਰੋ. ਗੁਰਮੀਤ ਸਿੰਘ ਦੀ ਦੇਖ ਰੇਖ ਹੇਠ ਚਲ ਰਹੇ ਐਨ.ਸੀ.ਸੀ. ਏਅਰ ਵਿੰਗ ਦੇ ਵਿਦਿਆਰਥੀਆਂ, ਤਾਜਬੀਰ ਸਿੰਘ, ਦਰਬਾਜ ਸਿੰਘ, ਚਰਨਜੀਤ ਸਿੰਘ, ਗੁੰਜਨ ਅਤੇ ਟਿੰਕੀ ਨੇ, 25 ਅਕਤੂਬਰ ਤੋਂ 4 ਨਵੰਬਰ 2007 ਤੱਕ, ਬੀਕਾਨੇਰ ਵਿਖੇ ਰਾਸ਼ਟਰੀ ਏਕਤਾ ਕੈਂਪ ਲਗਾਇਆ ਅਤੇ NIAP ਵਿੱਚ ਰਾਸ਼ਟਰ ਪੱਧਰ ਤੇ ਪਹਿਲਾ ਸਥਾਨ ਹਾਸਲ ਕੀਤਾ। ਕਾਲਜ ਦੇ ਏਅਰ ਵਿੰਗ ਦੇ ਵਿਦਿਆਰਥੀਆਂ ਨੇ 23 ਦਸੰਬਰ, 2007 ਤੋਂ 1 ਜਨਵਰੀ, 2008 ਤੱਕ ਕਾਲਜ ਵਿੱਚ CATC ਕੈਂਪ ਲਗਾਇਆ। ਏਅਰ ਵਿੰਗ ਦੇ ਦੋ ਵਿਦਿਆਰਥੀਆਂ ਨੇ 19 ਜਨਵਰੀ ਤੋਂ 30 ਜਨਵਰੀ, 2008 ਤੱਕ ਰੋਹਤਕ ਵਿਖੇ ਲੱਗੇ ਰਾਸ਼ਟਰੀ ਏਕਤਾ ਕੈਂਪ ਵਿੱਚ ਭਾਗ ਲਿਆ।

## ਵਿਭਾਗੀ ਪ੍ਰਾਪਤੀਆਂ

### ਕੰਪਿਊਟਰ ਵਿਭਾਗ

ਇਸ ਸੈਸ਼ਨ ਦੌਰਾਨ ਕੰਪਿਊਟਰ ਵਿਭਾਗ ਦੁਆਰਾ ਅਤਿ ਆਧੁਨਿਕ ਕਿਸਮ ਦੇ 12 ਨਵੇਂ ਕੰਪਿਊਟਰ, ਇਕ ਮਲਟੀਮੀਡੀਆ ਪ੍ਰੋਜੈਕਟਰ ਅਤੇ Internet Facility Install ਕਰਵਾਏ ਗਏ। ਹੁਣ ਵਿਭਾਗ ਦੀਆਂ ਲੈਬਾਂ ਵਿੱਚ ਇਕੋ ਸਮੇਂ ਤੇ 30 ਕੰਪਿਊਟਰਾਂ ਉਪਰ ਇੰਟਰਨੈੱਟ ਦੀ ਸਹੂਲਤ ਉਪਲੱਬਧ ਹੈ। ਕੰਪਿਊਟਰ ਵਿਭਾਗ ਦੁਆਰਾ 9 ਅਗਸਤ, 2007 ਨੂੰ ਜੈਟਕਿੰਗ ਅਕੈਡਮੀ, ਪਟਿਆਲਾ ਦਾ ਕੰਪਿਊਟਰ ਨੈੱਟਵਰਕਿੰਗ ਨਾਲ ਸਬੰਧਤ ਇਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਮਿਤੀ 21 ਨਵੰਬਰ, 2007 ਨੂੰ ਵਿਭਾਗ ਦੀ ਮੁਖੀ ਸ੍ਰੀਮਤੀ ਸੁਖਮੀਨ ਕੌਰ ਦੀ ਅਗਵਾਈ ਅਧੀਨ, ਵਿਦਿਆਰਥੀਆਂ ਦਾ ਇਕ ਰੋਜ਼ਾ ਵਿਦਿਅਕ ਟੂਰ, ਸਾਇੰਸ ਸਿਟੀ, ਕਪੂਰਥਲਾ ਅਤੇ ਹਰਮੰਦਿਰ ਸਾਹਿਬ ਵਿਖੇ ਲਿਜਾਇਆ ਗਿਆ। ਕੰਪਿਊਟਰ ਵਿਭਾਗ ਦੇ ਬੀ.ਸੀ.ਏ. ਭਾਗ ਤੀਜਾ ਦੇ 9 ਵਿਦਿਆਰਥੀਆਂ ਦੀ, ਕੈਂਪਸ ਪਲੇਸਮੈਂਟ ਦੌਰਾਨ, ਕਈ ਮਲਟੀਨੈਸ਼ਨਲ ਕੰਪਨੀਆਂ ਦੁਆਰਾ ਸਿਲੈਕਸ਼ਨ ਕੀਤੀ ਗਈ।

### ਬਾਇਓਟੈਕਨਾਲੋਜੀ ਵਿਭਾਗ

ਬਾਇਓਟੈਕਨਾਲੋਜੀ ਵਿਭਾਗ ਵਲੋਂ ਬੀ.ਐਸਸੀ. ਦੇ ਵਿਦਿਆਰਥੀਆਂ ਲਈ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬਾਟਨੀ ਵਿਭਾਗ ਦੇ ਦੋ ਵਿਸ਼ਾ ਮਾਹਿਰਾਂ ਡਾ. ਐਮ.ਆਈ.ਐਸ. ਸੱਗੂ ਦਾ Regulation of Cell Cycle ਅਤੇ ਡਾ. ਮਨੀਸ਼ ਪੁਰੀ ਦਾ Fermentation 'Heart' of Biotechnology ਵਿਸ਼ੇ ਤੇ ਲੈਕਚਰ ਕਰਵਾਏ ਗਏ। ਵਿਭਾਗ ਵਲੋਂ ਬੀ.ਐਸਸੀ. ਪਹਿਲਾ ਦੇ ਵਿਦਿਆਰਥੀਆਂ ਨੂੰ 20 ਨਵੰਬਰ, 2007 ਨੂੰ 'ਪਟਿਆਲਾ ਡਿਸਟਿਲਰੀ' ਮੈਣ, 22 ਜਨਵਰੀ, 2008 ਨੂੰ ਵੇਰਕਾ ਮਿਲਕ ਪਲਾਂਟ, ਪਟਿਆਲਾ ਅਤੇ 8 ਫਰਵਰੀ, 2008 ਨੂੰ ਥਾਪਰ ਯੂਨੀਵਰਸਿਟੀ ਵਿਖੇ TIFAC, Core ਦੀਆਂ ਅਡਵਾਂਸਡ ਲਬਾਟਰੀਆਂ ਵਿਖਾਉਣ ਲਈ ਲਿਜਾਇਆ ਗਿਆ।

ਬਾਇਓਟੈਕਨਾਲੋਜੀ ਵਿਭਾਗ ਦੀਆਂ ਦੋ ਵਿਦਿਆਰਥਣਾਂ ਨੇ ਐਮ.ਐਸਸੀ. ਦਾ ਨੈਸ਼ਨਲ ਲੈਵਲ ਦਾ Entrance Exam (ਜਵਾਹਰ ਲਾਲ ਯੂਨੀਵਰਸਿਟੀ) ਕਲੀਅਰ ਕੀਤਾ ।

### ਫਿਜਿਕਸ ਵਿਭਾਗ

ਫਿਜਿਕਸ ਵਿਭਾਗ ਦੇ ਬੀ.ਐਸਸੀ. ਭਾਗ ਤੀਜਾ ਤੇ ਤਿੰਨ ਵਿਦਿਆਰਥੀਆਂ ਨੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਵਲੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ (ਮਿਤੀ 2 ਅਗਸਤ, 2007 ਤੋਂ 7 ਅਗਸਤ, 2007 ਤੱਕ) ਲਗਾਏ ਗਏ ਨੈਸ਼ਨਲ ਲੈਵਲ ਦੇ ਫਿਜਿਕਸ ਲਰਨਿੰਗ ਕੈਂਪ ਵਿੱਚ ਭਾਗ ਲਿਆ।

### ਕਮਰਸ ਵਿਭਾਗ

ਕਮਰਸ ਵਿਭਾਗ ਵਲੋਂ ਬਣਾਈ ਗਈ ਕਮਰਸ ਐਸੋਸੀਏਸ਼ਨ ਦੁਆਰਾ ਵਿਸ਼ਾ ਮਾਹਰਾਂ ਦੇ ਤਿੰਨ ਲੈਕਚਰ ਕਰਵਾਏ ਗਏ। ਮਿਤੀ 6 ਅਗਸਤ, 2007 ਨੂੰ ਸਿਲੀਕੋਨ ਟੈਕਨਾਲੋਜੀ, ਪਟਿਆਲਾ ਦੇ ਸ੍ਰੀ ਮਾਨ ਮਹੇਸ਼ ਸ਼ਰਮਾ ਅਤੇ ਉਸ ਦੀ ਟੀਮ ਦਾ Tally Decounting Software ਵਿਸ਼ੇ ਉੱਤੇ, 10 ਅਕਤੂਬਰ, 2007 ਨੂੰ ਸ੍ਰੀਮਾਨ ਵਨੀਤ ਮਹਿਰਾ, I.C.F.A.I. ਨੈਸ਼ਨਲ ਕਾਲਜ, ਪਟਿਆਲਾ ਦਾ Preparing for competitive examination ਵਿਸ਼ੇ ਉੱਤੇ ਅਤੇ 14 ਨਵੰਬਰ, 2007 ਨੂੰ ਬਿਕਰਮ ਕਾਲਜ ਆਫ਼ ਕਮਰਸ, ਪਟਿਆਲਾ ਦੇ ਕਮਰਸ ਵਿਭਾਗ ਦੇ ਲੈਕਚਰਾਰ ਡਾ. ਇੰਦਰਜੀਤ ਸਿੰਘ ਦਾ Career opportunity for commerce graduates ਵਿਸ਼ੇ ਉੱਤੇ ਲੈਕਚਰ ਕਰਵਾਏ ਗਏ।

ਕਮਰਸ ਐਸੋਸੀਏਸ਼ਨ ਦੁਆਰਾ ਅੰਤਰ ਅਨੁਸਾਸ਼ਨੀ ਵਿਧੀ ਅਧੀਨ 23 ਜਨਵਰੀ, 2008 ਨੂੰ ਵਿਭਾਗ ਵਿੱਚ ਪ੍ਰੋ. ਜਸਪ੍ਰੀਤ ਕੌਰ, ਅੰਗਰੇਜ਼ੀ ਵਿਭਾਗ ਦੀ Communicative Skills ਵਿਸ਼ੇ ਨਾਲ ਸਬੰਧਤ ਦੋ ਰੋਜ਼ਾ ਵਰਕਸ਼ਾਪ ਦਾ ਅਯੋਜਨ ਕੀਤਾ ਗਿਆ ਅਤੇ ਪ੍ਰੋ. ਬਲਬੀਰ ਕੌਰ ਮੁਖੀ ਹੋਮ ਸਾਇੰਸ ਵਿਭਾਗ ਦਾ Health and Nutrition ਵਿਸ਼ੇ ਨਾਲ ਸੰਬੰਧਤ ਲੈਕਚਰ ਕਰਵਾਇਆ ਗਿਆ।

ਕਮਰਸ ਵਿਭਾਗ ਦੁਆਰਾ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਕਈ ਮਲਟੀਨੈਸ਼ਨਲ ਕੰਪਨੀਆਂ ਨੂੰ ਕਾਲਜ ਵਿਖੇ ਬੁਲਾਇਆ ਗਿਆ ਅਤੇ ਵਿਦਿਆਰਥੀਆਂ ਦੀ ਚੋਣ ਕਰਵਾਈ ਗਈ।

### ਪੰਜਾਬੀ ਵਿਭਾਗ

ਪੰਜਾਬੀ ਵਿਭਾਗ ਵਲੋਂ ਸੈਸ਼ਨ ਦੇ ਆਰੰਭ ਵਿੱਚ **ਪੰਜਾਬੀ ਸਾਹਿਤ ਸਭਾ** ਦੇ ਵਿਦਿਆਰਥੀ ਆਹੁਦੇਦਾਰਾਂ ਦੀ ਚੋਣ ਕੀਤੀ ਗਈ ਅਤੇ 16 ਜਨਵਰੀ, 2008 ਨੂੰ ਡਾ. ਗੁਰਿੰਦਰ ਸਿੰਘ ਰੰਧਾਵਾ ਦਾ **ਭਾਸ਼ਾ ਅਤੇ ਸਭਿਆਚਾਰ : ਗਲੋਬਲੀ ਪਰਿਪੇਖ** ਵਿਸ਼ੇ ਤੇ ਲੈਕਚਰ ਕਰਵਾਇਆ ਗਿਆ।

### ਹਿੰਦੀ ਵਿਭਾਗ

ਸੈਸ਼ਨ ਦੇ ਆਰੰਭ ਵਿੱਚ ਹਿੰਦੀ ਵਿਭਾਗ ਵਲੋਂ ਬਣਾਈ ਗਈ **ਹਿੰਦੀ ਸਾਹਿਤਯ ਪਰਸ਼ਿਦ** ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਪਰਿਸ਼ਦ ਦੁਆਰਾ ਕਾਲਜ ਵਿੱਚ **ਕਰਮ ਅਤੇ ਕਿਸਮਤ** ਵਿਸ਼ੇ ਤੇ ਭਾਸ਼ਨ ਪ੍ਰਤੀਯੋਗਤਾ ਅਤੇ **ਅੱਜ ਦੇ ਯੁੱਗ ਦਾ ਰਾਵਣ ਕੌਣ** ਵਿਸ਼ੇ ਤੇ ਨਿਬੰਧ ਪ੍ਰਤੀਯੋਗਤਾ ਕਰਵਾਈ ਗਈ।

### ਅੰਗਰੇਜ਼ੀ ਵਿਭਾਗ

ਅੰਗਰੇਜ਼ੀ ਵਿਭਾਗ ਵਲੋਂ 24 ਅਕਤੂਬਰ, 2007 ਨੂੰ English Literary Society ਦੇ ਵਿਦਿਆਰਥੀ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਸੁਸਾਇਟੀ ਦੁਆਰਾ 5 ਨਵੰਬਰ, 2007 ਨੂੰ ਕਾਲਜ ਵਿੱਚ Environmental Pollution, Drug Abuse, Globalisation ਅਤੇ The Evil of Dowry System ਵਿਸ਼ਿਆਂ ਉੱਤੇ Paragraph Writing ਕੰਪੀਟੀਸ਼ਨ ਅਤੇ 4 ਫਰਵਰੀ,2008 ਨੂੰ English Language and Literature ਵ੍ਰਿਸ਼ੇ ਉੱਤੇ ਇੱਕ ਕੁਇਜ਼ ਕੰਪੀਟੀਸ਼ਨ ਕਰਵਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਫ਼ਸਟ, ਸੈਕਿੰਡ ਅਤੇ ਥਰਡ ਘੋਸ਼ਿਤ ਕੀਤਾ ਗਿਆ ।

### ਫਾਈਨ ਆਰਟਸ ਵਿਭਾਗ

ਫਾਈਨ ਆਰਟਸ ਵਿਭਾਗ ਦੁਆਰਾ ਵਿਦਿਆਰਥੀਆਂ ਨੂੰ ਇਕ ਰੋਜਾ ਟਰਿੱਪ (28 ਅਕਤੂਬਰ) ਦੌਰਾਨ ਦਾ ਆਯੋਜਨ ਕੀਤਾ ਗਿਆ। ਉਹਨਾਂ ਨੂੰ ਸੰਘੋਲ ਮਿਊਜ਼ੀਅਮ ਅਤੇ ਨਜ਼ਦੀਕ ਸਤੂਪਾਂ ਦੇ ਅਵਸ਼ੇਸ਼, ਚੰਡੀਗੜ੍ਹ ਦੇ ਸੈਕਟਰ 10 ਦਾ ਆਰਟ ਮਿਊਜ਼ੀਅਮ, ਨੈਚੂਰਲ ਹਿਸਟਰੀ ਮਿਊਜ਼ੀਅਮ ਅਤੇ ਸੁਖਨਾ ਲੇਕ ਵਿਖਾਏ ਗਏ।

ਫਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਨੇ (30 ਅਕਤੂਬਰ ਤੋਂ 2 ਨਵੰਬਰ, 2007) ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਲਗਾਏ ਗਏ ਤਿੰਨ ਰੋਜਾ Symposium ਪੰਜਾਬ ਦੇ **ਦੀਵਾਰੀ ਚਿੱਤਰ** ਵਿੱਚ ਸ਼ਮੂਲੀਅਤ ਕੀਤੀ। ਇਨ੍ਹਾਂ ਨੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਲਗਾਏ ਗਏ ਤਿੰਨ ਰੋਜਾ (2 ਤੋਂ 4 ਨਵੰਬਰ, 2007) ਵਿਰਾਸਤ ਮੇਲੇ ਵਿੱਚ ਵੀ ਭਾਗ ਲਿਆ।

### ਹੋਮ ਸਾਇੰਸ ਵਿਭਾਗ

ਹੋਮ ਸਾਇੰਸ ਵਿਭਾਗ ਵਲੋਂ 16 ਨਵੰਬਰ, 2007 ਨੂੰ ਸ੍ਰੀ ਸੇਵਾ ਰਾਮ ਦੀ, **ਰੰਗੋਲੀ** ਵਿਸ਼ੇ ਨਾਲ ਸਬੰਧਤ Lecture cum demonstration ਕਰਵਾਈ ਗਈ । ਮਿਤੀ 23 ਨਵੰਬਰ ਨੂੰ ਵਿਭਾਗ ਵਿੱਚ ਇਕ ਰੋਜਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਟੈਕਸਟਾਈਲ ਡੀਜ਼ਾਇਨਿੰਗ ਦੀ ਲੈਕਚਰਾਰ ਪਰਮਜੀਤ ਸਮਲੋਕ ਨੇ ਵਿਦਿਆਰਥਣਾਂ ਨੂੰ **ਸਟੈਂਨਸਲ ਪ੍ਰਿੰਟਿੰਗ** ਸਬੰਧੀ ਜਾਣਕਾਰੀ ਦਿੱਤੀ। ਇਸ ਵਿਭਾਗ ਵਲੋਂ 23 ਫਰਵਰੀ 2008 ਨੂੰ ਮੋਦੀ ਕਾਲਜ, ਪਟਿਆਲਾ ਦੇ ਟੈਕਸਟਾਇਲ ਡਿਜ਼ਾਇਨਿੰਗ ਵਿਭਾਗ ਦੀ ਲੈਕਚਰਾਰ ਸ੍ਰੀਮਤੀ ਵੀਨੂੰ ਜੈਨ ਦਾ **ਡਰੇਪਿੰਗ** (ਸਕਰਟ ਅਤੇ ਬਲਾਊਜ਼) ਵਿਸ਼ੇ ਉੱਤੇ ਲੈਕਚਰ ਕਰਵਾਇਆ ਗਿਆ। ਮਿਤੀ 25 ਫਰਵਰੀ ਨੂੰ ਬੀ.ਏ. ਅਤੇ ਫੈਸ਼ਨ ਡਿਜ਼ਾਇਨਿੰਗ ਦੀਆਂ ਵਿਦਿਆਰਥਣਾਂ ਦੁਆਰਾ ਬਣਾਈਆਂ ਗਈਆਂ ਵਸਤਾਂ - Best out of waste articles, Embroidery articles, flower arrangements ਅਤੇ garments ਦੀ ਵਿਭਾਗ ਵਿੱਚ ਪ੍ਰਦਰਸ਼ਨੀ ਲਗਾਈ ਗਈ।

ਹੋਮ ਸਾਇੰਸ ਵਿਭਾਗ ਦੁਆਰਾ 28 ਫਰਵਰੀ ਨੂੰ ਬੀ.ਏ. ਭਾਗ ਪਹਿਲਾ ਦੀਆਂ ਵਿਦਿਆਰਥਣਾਂ ਦਾ ਰੰਗੋਲੀ ਅਤੇ ਬੀ.ਏ. ਭਾਗ ਤੀਜਾ ਦੀਆਂ ਵਿਦਿਆਰਥਣਾਂ ਦਾ Cookery Competition ਕਰਵਾਇਆ ਗਿਆ ਅਤੇ ਵਿਦਿਆਰਥਣਾਂ ਨੂੰ ਫਸਟ ਸੈਕਿੰਡ ਅਤੇ ਥਰਡ ਘੋਸ਼ਿਤ ਕੀਤਾ ਗਿਆ।

### ਸੰਗੀਤ ਵਾਦਨ ਵਿਭਾਗ

ਸੰਗੀਤ ਵਾਦਨ ਵਿਭਾਗ ਦੇ ਵਿਦਿਆਰਥੀ ਜਸਪ੍ਰੀਤ ਸਿੰਘ, ਬੀ.ਏ. ਭਾਗ ਦੂਜਾ ਨੇ ਅਹਿਮਦਾਬਾਦ (ਗੁਜਰਾਤ) ਵਿਖੇ, 9 ਤੋਂ 13 ਜਨਵਰੀ, 2008 ਤੱਕ, ਹੋਏ 'ਸਪਤਕ' ਸੰਗੀਤ ਉਤਸਵ ਵਿੱਚ ਭਾਗ ਲਿਆ ਅਤੇ ਮਹਾਨ ਉਸਤਾਦ ਕਲਾਕਾਰਾਂ ਦੇ ਮੰਚ ਪ੍ਰਦਰਸ਼ਨ ਦਾ ਆਨੰਦ ਮਾਣਿਆ।

### ਫੋਕ ਆਰਟ ਐਂਡ ਕਲਚਰ ਵਿਭਾਗ

ਇਸ ਵਿਭਾਗ ਦੇ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਕਰਵਾਏ ਗਏ ਤਿੰਨ ਰੋਜਾ ਸਿਮਪੋਜ਼ੀਅਮ **ਪੰਜਾਬ ਦੇ ਦੀਵਾਰੀ ਚਿੱਤਰ** ਅਤੇ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਵਿਖੇ, ਕਾਲਜ ਵਲੋਂ, ਲਗਾਈ ਗਈ **ਪੰਜਾਬੀ ਵਿਰਾਸਤ ਪ੍ਰਦਰਸ਼ਨੀ** ਵਿੱਚ ਵੀ ਭਾਗ ਲਿਆ। ਵਿਭਾਗ ਵਲੋਂ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਦੇ ਵਿਦਿਆਰਥੀਆਂ ਨੂੰ ਰੋਪੜ ਵਿਖੇ ਸੰਘੋਲ ਅਤੇ ਚੰਡੀਗੜ੍ਹ ਦੇ ਸੈਕਟਰ 10 ਵਿਖੇ ਆਰਟ ਮਿਊਜ਼ੀਅਮ ਅਤੇ ਹਿਸਟੋਰੀਕਲ ਮਿਊਜ਼ੀਅਮ ਵਿਖਾਉਣ ਵਾਸਤੇ ਲਿਜਾਇਆ ਗਿਆ।

### ਸਰੀਰਕ ਸਿੱਖਿਆ ਅਤੇ ਖੇਡ ਵਿਭਾਗ

ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੀ ਮਿਹਨਤ ਅਤੇ ਲਗਨ ਸਦਕਾ ਕਾਲਜ ਦੇ ਖਿਡਾਰੀਆਂ ਨੇ ਸੀਨੀਅਰ ਏਸ਼ੀਆ ਕੱਪ ਅਤੇ ਕੋਰਫਬਾਲ world ਚੈਂਪੀਅਨਸ਼ਿਪ ਵਿੱਚ ਭਾਗ ਲਿਆ। ਕਾਲਜ ਦੇ

ਖਿਡਾਰੀਆਂ ਨੇ ਨੈਸ਼ਨਲ ਅਤੇ ਸਰਬ-ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲੈ ਕੇ 60 ਮੈਡਲ ਹਾਸਲ ਕੀਤੇ ਅਤੇ ਕਈ ਨਵੇਂ ਰਿਕਾਰਡ ਸਥਾਪਤ ਕੀਤੇ। ਕਾਲਜ ਦੇ ਖਿਡਾਰੀ ਕਰਨਬੀਰ ਸਿੰਘ ਅਤੇ ਅੰਕੁਰ ਸ਼ਰਮਾ ਨੇ ਵੇਟ ਲਿਫਟਿੰਗ ਵਿੱਚ, ਅਤੇ ਗੁਰਸ਼ਰਨਦੀਪ ਸਿੰਘ, ਕਮਨਿੰਦਰ ਸਿੰਘ, ਜਸਵੀਰ ਸਿੰਘ ਅਤੇ ਸਤਵੰਤ ਸਿੰਘ ਨੇ ਸਾਇਕਲਿੰਗ ਵਿੱਚ, ਆਲ ਇੰਡੀਆ ਯੂਨੀਵਰਸਿਟੀ ਪੱਧਰ ਤੇ, ਨਵੇਂ ਰਿਕਾਰਡ ਸਥਾਪਤ ਕਰਕੇ, ਖ਼ਾਲਸਾ ਕਾਲਜ, ਪਟਿਆਲਾ ਦੇ ਨਾਲ-ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਨਾਮ ਵੀ ਰੌਸ਼ਨ ਕੀਤਾ।

## ਅੰਤਰ ਕਾਲਜ ਖੇਡ ਮੁਕਾਬਲੇ

ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਕਾਲਜ ਦੀ ਹੈਂਡਬਾਲ ਦੀ ਟੀਮ ਲਗਾਤਾਰ ਸਤਵੀਂ ਵਾਰ ਚੈਂਪੀਅਨ ਰਹੀ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਕਾਲਜ ਨੇ ਸਾਇਕਲਿੰਗ (ਲੜਕੀਆਂ), ਪਾਵਰ ਲਿਫਟਿੰਗ ਅਤੇ ਫੁੱਟਬਾਲ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਓਵਰ ਆਲ ਚੈਂਪੀਅਨਸ਼ਿਪ ਜਿੱਤੀ। ਕਾਲਜ ਨੇ ਸਾਇਕਲਿੰਗ (ਲੜਕੇ) ਵੇਟ ਲਿਫਟਿੰਗ, ਜੂਡੋ (ਲੜਕੇ ਅਤੇ ਲੜਕੀਆਂ) ਵਿੱਚ ਓਵਰ ਆਲ ਦਸਰਾ ਸਥਾਨ ਅਤੇ ਤੈਰਾਕੀ ਵਿੱਚ ਓਵਰ ਆਲ ਤੀਸਰਾ ਸਥਾਨ ਹਾਸਲ ਕੀਤਾ। ਇਹਨਾਂ ਖੇਡ ਮੁਕਾਬਲਿਆਂ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਹੈਂਡਬਾਲ ਦੇ 13, ਸਾਇਕਲਿੰਗ (ਲੜਕੀਆਂ) ਦੇ 3, ਫੁੱਟਬਾਲ ਦੇ 12, ਜੂਡੋ (ਲੜਕੇ) ਦੇ 4 ਅਤੇ ਹਾਕੀ (ਲੜਕੀਆਂ) ਦੀਆਂ 9 ਖਿਡਾਰਨਾਂ ਦੀ ਚੋਣ ਅੰਤਰ ਯੂਨੀਵਰਸਿਟੀ ਖੇਡ ਮਬਕਾਬਲਿਆਂ ਲਈ ਕੀਤੀ ਗਈ।

## ਹੈਂਡਬਾਲ

ਕਾਲਜ ਦੀ ਹੈਂਡਬਾਲ ਟੀਮ ਦੇ 13 ਖਿਡਾਰੀਆਂ ਨੇ ਪੰਜਾਬੀ ਯੂਨੀਵਰਸਿਟੀ ਟੀਮ ਦੀ ਪ੍ਰਤੀਨਿਧਤਾ ਕਰਦੇ ਹੋਏ ਆਲ ਇੰਡੀਆ ਇੰਟਰਵਰਸਿਟੀ ਪੱਧਰ ਤੇ ਦੂਸਰਾ ਸਥਾਨ ਹਾਸਲ ਕੀਤਾ। ਸੀਨੀਅਰ ਨੈਸ਼ਨਲ ਹੈਂਡਬਾਲ ਵਿੱਚ ਕੁਲਜੀਤ ਖੇਪਲ, ਰਣਜੀਤ ਸਿੰਘ ਅਤੇ ਕਰਮਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਹਰਦੇਵ ਸਿੰਘ, ਵਿਨੇ ਅਤੇ ਹਰਵਿੰਦਰ ਸਿੰਘ ਨੇ ਇੰਡੀਅਨ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ ਵਿੱਚ ਭਾਗ ਲਿਆ।

## ਸਾਇਕਲਿੰਗ (ਲੜਕੇ)

ਕਾਲਜ ਦੇ ਹੋਣਹਾਰ ਖਿਡਾਰੀ ਸਰਪ੍ਰੀਤ ਸਿੰਘ ਨੇ ਸੀਨੀਅਰ ਏਸ਼ੀਆ ਕੱਪ ਵਿੱਚ ਭਾਗ ਲਿਆ। ਸੀਨੀਅਰ ਨੈਸ਼ਨਲ ਖੇਡਾਂ ਵਿੱਚ ਸਰਪ੍ਰੀਤ ਸਿੰਘ ਅਤੇ ਗੁਰਸ਼ਰਨਦੀਪ ਸਿੰਘ ਨੇ ਇੱਕ ਇੱਕ ਸਿਲਵਰ ਅਤੇ ਇੱਕ ਇੱਕ ਬਰਾਂਜ ਮੈਡਲ ਪ੍ਰਾਪਤ ਕੀਤਾ। ਜੂਨੀਅਰ ਨੈਸ਼ਨਲ ਵਿੱਚ ਗੁਰਸ਼ਰਨਦੀਪ ਸਿੰਘ ਨੇ 2 ਗੋਲਡ, 2 ਸਿਲਵਰ ਅਤੇ ਕਮਨਿੰਦਰ ਸਿੰਘ ਨੇ 1 ਗੋਲਡ ਅਤੇ 1 ਸਿਲਵਰ ਮੈਡਲ ਹਾਸਲ ਕੀਤੇ। ਆਲ ਇੰਡੀਆ ਯੂਨੀਵਰਸਿਟੀ ਵਿੱਚ ਸਰਪ੍ਰੀਤ ਸਿੰਘ 5 ਗੋਲਡ, ਗੁਰਸ਼ਰਨਦੀਪ ਸਿੰਘ 4 ਗੋਲਡ, ਕਮਨਿੰਦਰ ਸਿੰਘ 2 ਗੋਲਡ, ਸਤਵੰਤ ਸਿੰਘ 1 ਗੋਲਡ, ਮਨੀਸ਼ ਸਾਹਨੀ 1 ਗੋਲਡ, 1 ਸਿਲਵਰ, ਜਸਬੀਰ ਸਿੰਘ 1 ਗੋਲਡ ਅਤੇ ਸੁਖਵਿੰਦਰ ਸਿੰਘ ਨੇ ਵੀ 1 ਗੋਲਡ ਮੈਡਲ ਹਾਸਲ ਕੀਤਾ।

## ਸਾਇਕਲਿੰਗ (ਲੜਕੀਆਂ)

ਆਲ ਇੰਡੀਆ ਯੂਨੀਵਰਸਿਟੀ ਪੱਧਰ ਤੇ ਰਾਜਵਿੰਦਰ ਕੌਰ ਨੇ 2 ਗੋਲਡ, 1 ਬਰਾਂਜ, ਸੁਖਪਾਲ ਕੌਰ ਨੇ 1 ਗੋਲਡ, 1 ਬਰਾਂਜ ਅਤੇ ਸਿਮਰਤ ਕੌਰ ਨੇ 1 ਗੋਲਡ ਮੈਡਲ ਪ੍ਰਾਪਤ ਕੀਤਾ।

## ਪਾਵਰ ਲਿਫਟਿੰਗ

ਅੰਤਰ ਕਾਲਜ ਮੁਕਾਬਲਿਆਂ ਵਿੱਚ ਰਤਨਦੀਪ ਸਿੰਘ ਨੇ 1 ਗੋਲਡ, ਅਮਨਦੀਪ ਸਿੰਘ, ਓਂਕਾਰ ਸਿੰਘ ਕਰਨਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਨੇ 1-1 ਸਿਲਵਰ ਮੈਡਲ ਪ੍ਰਾਪਤ ਕੀਤਾ।

### ਬੈਸਟ ਫਜ਼ੀਕ

ਬਲਜੀਤ ਸਿੰਘ ਨੇ ਅੰਤਰ ਕਾਲਜ ਮੁਕਾਬਲਿਆਂ ਵਿੱਚ 1 ਗੋਲਡ ਅਤੇ ਆਲ ਇੰਡੀਆ ਇੰਟਰਵਰਸਿਟੀ ਵਿੱਚ 1 ਬਰਾਂਜ ਦਾ ਮੈਡਲ ਪ੍ਰਾਪਤ ਕੀਤਾ ।

### ਵੇਟ ਲਿਫਟਿੰਗ

ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਕਰਨਬੀਰ ਸਿੰਘ, ਅੰਕੁਰ ਸ਼ਰਮਾ ਅਤੇ ਹਰਪ੍ਰੀਤ ਸਿੰਘ ਨੇ 1-1 ਗੋਲਡ ਮੈਡਲ ਪ੍ਰਾਪਤ ਕੀਤਾ ।

### ਜੂਡੋ (ਲੜਕੇ)

ਸਾਗਰ ਦੀਵਾਨ ਨੇ ਆਲ ਇੰਡੀਆ ਯੂਨੀਵਰਸਿਟੀ ਪੱਧਰ ਤੇ 1 ਸਿਲਵਰ ਮੈਡਲ ਪ੍ਰਾਪਤ ਕੀਤਾ।

### ਜੂਡੋ (ਲੜਕੀਆਂ)

ਕਾਲਜ ਦੀਆਂ 2 ਖਿਡਾਰਨਾਂ ਨੇ ਆਲ ਇੰਡੀਆ ਯੂਨੀਵਰਸਿਟੀ ਪੱਧਰ ਤੇ ਭਾਗ ਲਿਆ ਅਤੇ ਸਾਜ਼ਿਦਾ ਚਾਨਾ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।

### ਕੋਰਫ਼ਬਾਲ

ਕਾਲਜ ਦੀ ਹੋਣਹਾਰ ਖਿਡਾਰਨ ਸੁਮਨਦੀਪ ਬਰਾੜ ਨੇ World Championship ਵਿੱਚ ਭਾਗ ਲਿਆ।

### ਹਾਕੀ

ਜੂਨੀਅਰ ਨੈਸ਼ਨਲ ਹਾਕੀ ਟੂਰਨਾਮੈਂਟ ਵਿੱਚ ਗੁਰਿੰਦਰ ਸਿੰਘ, ਬਲਜੀਤ ਸਿੰਘ, ਮਲਵਿੰਦਰ ਸਿੰਘ, ਸੁਰਿੰਦਰ ਸਿੰਘ ਅਤੇ ਗੁਰਪ੍ਰਤਾਪ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਸਰਬਜੀਤ ਸਿੰਘ, ਦਿਪਾਂਸ਼ੂ ਅਤੇ ਸਤਿੰਦਰ ਸਿੰਘ ਨੇ ਸੀਨੀਅਰ ਨੈਸ਼ਨਲ ਹਾਕੀ ਟੂਰਨਾਮੈਂਟ ਵਿੱਚ ਭਾਗ ਲਿਆ।

### ਸਲਾਨਾ ਖੇਡ ਸਮਾਰੋਹ

12 ਅਤੇ 13 ਫਰਵਰੀ 2008 ਨੂੰ ਕਾਲਜ ਦਾ 46ਵਾਂ ਸਲਾਨਾ ਖੇਡ ਸਮਾਰੋਹ ਮਨਾਇਆ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸ੍ਰ. ਕ੍ਰਿਪਾਲ ਸਿੰਘ ਜੀ ਬੰਡੂਗਰ ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੀ ਅਤੇ ਧਰਮਵੀਰ ਸਿੰਘ ਗਰੇਵਾਲ, ਡਿਪਟੀ ਕਮਿਸ਼ਨਰ, ਪਟਿਆਲਾ ਨੇ ਇਸ ਸਮਾਰੋਹ ਦਾ ਉਦਘਾਟਨ ਕੀਤਾ। ਇਸ ਸਮਾਰੋਹ ਦੌਰਾਨ ਲੜਕੇ, ਲੜਕੀਆਂ ਅਤੇ ਸਟਾਫ਼ ਦੇ ਕਈ ਤਰ੍ਹਾਂ ਦੇ ਖੇਡ ਮੁਕਾਬਲੇ ਕਰਵਾਏ ਗਏ। ਇਸ ਸਮਾਰੋਹ ਦੇ ਦੂਸਰੇ ਦਿਨ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਸ੍ਰ. ਕਰਨੈਲ ਸਿੰਘ, ਜੀ.ਐਮ. ਵੇਰਕਾ ਮਿਲਕ ਪਲਾਂਟ, ਪਟਿਆਲਾ ਨੇ ਕੀਤੀ ਅਤੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਸ੍ਰ. ਪਰਮਿੰਦਰ ਸਿੰਘ ਢੀਂਡਸਾ, ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਕੀਤੀ। ਸ੍ਰ. ਪਰਮਿੰਦਰ ਸਿੰਘ ਢੀਂਡਸਾ ਨੇ ਨੈਸ਼ਨਲ ਅਤੇ ਸਰਵ-ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਮੈਡਲ ਹਾਸਲ ਕਰਨ ਵਾਲੇ ਅਤੇ ਨਵੇਂ ਰਿਕਾਰਡ ਸਥਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ। ਇਸ ਸਮਾਰੋਹ ਦੌਰਾਨ ਯੂਨੀਵਰਸਿਟੀ ਅਤੇ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਸਾਇਕਲਿੰਗ ਕੋਚ ਸ੍ਰ. ਮਿੱਤਰਪਾਲ ਸਿੰਘ, ਫੁੱਟਬਾਲ ਕੋਚ ਸ੍ਰ. ਦਲਬੀਰ ਸਿੰਘ ਰੰਧਾਵਾ, ਹਾਕੀ ਕੋਚ ਸ੍ਰ. ਇੰਦਰਜੀਤ ਸਿੰਘ ਗਿੱਲ, ਵੇਟ ਲਿਫਟਿੰਗ ਕੋਚ ਸ੍ਰੀ ਪਰਜੀਤ ਸ਼ਰਮਾਂ, ਵਾਲੀਵਾਲ ਕੋਚ ਸ੍ਰ. ਸੁਖਦੇਵ ਸਿੰਘ ਸੰਧੂ, ਅਥਲੈਟਿਕਸ ਕੋਚ ਸ੍ਰ. ਹਰਦੀਪ ਸਿੰਘ ਸ਼ਹੀਦ ਅਤੇ ਪਾਵਰ ਲਿਫਟਿੰਗ ਕੋਚ ਸ੍ਰ. ਕਰਮਜੀਤ ਸਿੰਘ ਨੂੰ ਵੀ ਸਨਮਾਨਤ ਕੀਤਾ ਗਿਆ। ਇਹਨਾਂ ਖੇਡ ਮੁਕਾਬਲਿਆਂ ਵਿੱਚ ਬੀ.ਐਸਸੀ. ਬਾਇਓਟੈਕਨਾਲੋਜੀ ਭਾਗ ਤੀਜਾ ਦੀ ਵਿਦਿਆਰਥਣ ਗੁਰਲੀਨ ਮਾਨ ਨੂੰ ਲੜਕੀਆਂ ਵਿਚੋਂ ਅਤੇ ਬੀ.ਏ. ਭਾਗ ਦੂਜਾ ਦੇ ਵਿਦਿਆਰਥੀ ਹਰਮਨਜੀਤ ਸਿੰਘ ਨੂੰ ਲੜਕਿਆਂ ਵਿਚੋਂ ਬੈਸਟ ਅਥਲੀਟ ਘੋਸ਼ਿਤ ਕੀਤਾ ਗਿਆ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਗੁਰਮਤਿ ਸੁਸਾਇਟੀ

ਪ੍ਰੋ. ਤਰਲੋਚਨ ਸਿੰਘ ਮਹਾਜਨ, ਪ੍ਰੋ. ਸਤਨਾਮ ਕੌਰ, ਪ੍ਰੋ. ਸੁਰਿੰਦਰ ਕੌਰ ਭਾਟੀਆ ਅਤੇ ਪ੍ਰੋ. ਤੇਜਿੰਦਰ ਕੌਰ ਦੀ ਸੁਚੱਜੀ ਅਗਵਾਈ ਅਧੀਨ ਚਲ ਰਹੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਗੁਰਮਤਿ ਸੁਸਾਇਟੀ ਵਲੋਂ ਕਾਲਜ ਦੇ ਤਿੰਨ ਵਿਦਿਆਰਥੀਆਂ ਨੂੰ 10 ਅਗਸਤ ਤੋਂ 12 ਅਗਸਤ ਤੱਕ ਬਾਬਾ ਫਤਹਿ ਸਿੰਘ ਅਕੈਡਮੀ, ਇਸਰਾਣਾ ਸਾਹਿਬ ਵਿਖੇ **ਸਿੱਖ ਯੂਥ ਕੈਂਪ** ਵਿੱਚ ਭਾਗ ਲੈਣ ਲਈ ਭੇਜਿਆ ਗਿਆ। ਮਿਤੀ 13 ਅਕਤੂਬਰ 2007 ਨੂੰ ਵਿਦਿਆਰਥੀਆਂ ਵਲੋਂ ਕਾਲਜ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਸਮਾਗਮ ਦੌਰਾਨ ਕਈ ਸੀਨੀਅਰ ਅਕਾਲੀ ਨੇਤਾਵਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਮਿਤੀ 20 ਨਵੰਬਰ, 2007 ਨੂੰ ਪ੍ਰੋ. ਤਰਲੋਚਨ ਸਿੰਘ ਮਹਾਜਨ ਨੇ ਕਾਲਜ ਦੇ ਵਿਦਿਆਰਥੀਆਂ ਨੂੰ **ਰਾਮ ਸਿੰਘ ਜੀ ਅਤੇ ਇਸਤਰੀ ਜਾਤੀ** ਵਿਸ਼ੇ ਉੱਤੇ ਲੈਕਚਰ ਦਿੱਤਾ।

ਮਿਤੀ 22 ਨਵੰਬਰ 2007 ਨੂੰ ਕਾਲਜ ਵਿਖੇ ਪਟਿਆਲਾ ਜ਼ਿਲ੍ਹੇ ਦੇ ਕਾਲਜਾਂ ਦੀ, **ਸਿੱਖ ਬੀਬੀਆਂ ਦੀ ਸਮਾਜ ਨੂੰ ਦੇਣ**, ਵਿਸ਼ੇ ਉੱਤੇ ਭਾਸ਼ਨ ਪ੍ਰਤੀਯੋਗਤਾ ਕਰਵਾਈ ਗਈ। ਇਸ ਸਮਾਗਮ ਦੌਰਾਨ ਡਾ. ਬ੍ਰਿਜਪਾਲ ਸਿੰਘ ਮੁਖ ਮਹਿਮਾਨ ਅਤੇ ਡਾ. ਸਰਬਜੀਤ ਕੌਰ ਸੰਧਾਵਾਲੀਆ, ਨੇ ਮੁਖ ਵਕਤਾ ਦੇ ਤੌਰ ਤੇ ਸ਼ਿਰਕਤ ਕੀਤੀ।

ਮਿਤੀ 19 ਜਨਵਰੀ, 2008 ਨੂੰ ਕਾਲਜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਪਾਇਆ ਗਿਆ। ਵਿਦਿਆਰਥੀਆਂ ਦੁਆਰਾ ਸ਼ਬਦ ਕੀਰਤਨ, ਕਵੀਸ਼ਰੀ ਅਤੇ ਵਾਰ ਗਾਇਨ ਕੀਤਾ ਗਿਆ। ਇਸ ਸ਼ੁੱਭ ਅਵਸਰ ਤੇ ਸ੍ਰ. ਅਵਤਾਰ ਸਿੰਘ ਜੀ ਮੱਕੜ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਸ਼ੇਸ਼ ਤੌਰ ਤੇ ਪਹੁੰਚੇ।

## ਹੈਥਲ ਕੇਅਰ ਸੈਂਟਰ

ਪ੍ਰੋ. ਕਮਲ ਸੋਹਲ ਦੀ ਦੇਖ ਰੇਖ ਹੇਠ ਚੱਲ ਰਹੇ ਹੈਲਥ ਕੇਅਰ ਸੈਂਟਰ ਦੁਆਰਾ ਕਾਲਜ ਵਿੱਚ ਵਿਦਿਆਰਥੀਆਂ ਦੀ ਸਿਹਤ ਦੀ ਸਧਾਰਨ ਦੇਖ ਭਾਲ ਵਾਸਤੇ, ਪ੍ਰਤੀਦਿਨ ਦੋ ਘੰਟੇ ਲਈ ਡਾਕਟਰ ਦੀਆਂ ਸੇਵਾਵਾਂ ਉਪਲੱਬਧ ਕਰਵਾਈਆਂ ਗਈਆਂ ਅਤੇ ਕਾਲਜ ਵਿਦਿਆਰਥਣਾਂ ਦਾ ਜਰਨਲ ਚੈੱਕ ਅੱਪ ਕੀਤਾ ਗਿਆ।

ਇਸ ਸੈਂਟਰ ਦੁਆਰਾ 18 ਅਕਤੂਬਰ,2007 ਨੂੰ Worldwide Wake Up Call ਦਿੱਤੀ ਗਈ। ਜਿਸ ਦੇ ਅੰਤਰਗਤ ਕਾਲਜ ਦੇ 150 ਵਿਦਿਆਰਥੀਆਂ ਨੇ ਇਸਤਰੀ ਸਸ਼ਕਤੀਕਰਣ ਅਤੇ ਗਰੀਬੀ ਹਟਾਉਣ ਵਿੱਚ ਆਪਣਾ active ਯੋਗਦਾਨ ਪਾਉਣ ਦੀ ਸੰਹੁ ਚੁੱਕੀ।

## ਪਲੇਸਮੈਂਟ ਕਮੇਟੀ

ਪਲੇਸਮੈਂਟ ਕਮੇਟੀ ਦੇ ਅਧਿਆਪਕ ਮੈਂਬਰਾਂ, ਪ੍ਰੋ ਜਸਲੀਨ ਕੌਰ, ਪ੍ਰੋ. ਸੁਖਮੀਨ ਕੌਰ, ਡਾ. ਸਰਬਜੀਤ ਸਿੰਘ ਆਹਲੂਵਾਲੀਆ ਅਤੇ ਡਾ. ਜਗਮੀਤ ਸਿੰਘ, ਦੀ ਮਿਹਨਤ ਅਤੇ ਉੱਦਮ ਸਦਕਾ ਇਸ ਵਰ੍ਹੇ ਕਾਲਜ ਵਿੱਚ ਛੇ ਕੰਪਨੀਆਂ ਕਮਰਸ, ਕੰਪਿਊਟਰ ਅਤੇ ਆਰਟਸ ਵਿਭਾਗ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਵਾਸਤੇ ਆਈਆਂ। ਇਨ੍ਹਾਂ ਕੰਪਨੀਆਂ ਵਿੱਚ Centurion Bank of Punjab ਨੇ 14 ਵਿਦਿਆਰਥੀਆਂ ਦੀ, ਆਈ.ਬੀ.ਐਮ. ਨੇ 9, ਟੀ.ਐਮ.ਆਈ. ਨੇ 22, Genpact-Global Business impact New Delhi ਨੇ 14, Apex Laboratories Ltd. Chennai ਨੇ 4 ਅਤੇ Wipro, New Delhi ਨੇ 3 ਵਿਦਿਆਰਥੀਆਂ ਦੀ ਪਲੇਸਮੈਂਟ ਕੀਤੀ ।

ਪਲੇਸਮੈਂਟ ਕਮੇਟੀ ਵਲੋਂ ਵਿਦਿਆਰਥੀਆਂ ਨੂੰ ਰੋਜ਼ਗਾਰ ਸਬੰਧੀ ਜਾਣਕਾਰੀ ਦੇਣ ਲਈ ਚਾਰ ਲੈਕਚਰ ਕਰਵਾਏ ਗਏ। Head start competency, Chandigarh ਦਾ Global Perspective of ERP ਵਿਸ਼ੇ ਉੱਤੇ, Sophiya Inst. of Air Hostess and Fashion Technology, Patiala ਦਾ

Employment Opportunity in service sector ਵਿਸ਼ੇ ਉੱਤੇ, Employment Generation and Training Department Punjab Government ਦਾ carrier counselling ਅਤੇ carrier opportunities in armed forces ਵਿਸ਼ਿਆਂ ਉੱਤੇ ਲੈਕਚਰ ਕਰਵਾਏ ਗਏ।

## ਵਾਤਾਵਰਣ ਕਮੇਟੀ

ਵਾਤਾਵਰਣ ਕਮੇਟੀ ਦੇ ਇੰਚਾਰਜ ਪ੍ਰੋ. ਕਮਲ ਸੋਹਲ ਦੇ ਯਤਨਾਂ ਸਦਕਾ 25 ਅਗਸਤ ਨੂੰ ਕਾਲਜ ਵਿਖੇ ਵਣ ਮਹਾਂ ਉਤਸਵ ਮਨਾਇਆ ਗਿਆ। ਇਸ ਉਤਸਵ ਦੀ ਪ੍ਰਧਾਨਗੀ ਸ੍ਰ. ਅਵਤਾਰ ਸਿੰਘ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਨੇ ਕੀਤੀ। ਇਸ ਸਮਾਰੋਹ ਦੌਰਾਨ ਪ੍ਰਧਾਨ ਸਾਹਿਬ ਅਤੇ ਕਾਲਜ ਸਕੱਤਰ ਸ੍ਰ. ਹਰਮੇਲ ਸਿੰਘ ਜੀ ਟੌਹੜਾ ਦੁਆਰਾ ਕਾਲਜ ਵਿੱਚ ਨਵੇਂ ਪੌਦੇ ਲਗਾਏ ਗਏ।

## ਯੂਥ ਕਲੱਬ

ਯੂਥ ਕਲੱਬ ਦੇ ਕਨਵੀਨਰ ਪ੍ਰੋ. ਅਜੀਤ ਸਿੰਘ ਅਤੇ ਹੋਰ ਅਧਿਆਪਕ ਮੈਂਬਰਾਂ ਦੁਆਰਾ ਸੈਸ਼ਨ ਦੇ ਆਰੰਭ ਵਿੱਚ ਯੂਥ ਕਲੱਬ ਦਾ ਗਠਨ ਕੀਤਾ ਗਿਆ ਅਤੇ 75 ਵਿਦਿਆਰਥੀਆਂ ਨੂੰ ਇਸ ਦੇ ਮੈਂਬਰ ਬਣਾਇਆ ਗਿਆ। ਇਸ ਕਲੱਬ ਦੁਆਰਾ 15 ਨਵੰਬਰ, 2007 ਨੂੰ ਡਾ. ਪ੍ਰੀਤ ਕਮਲ ਸੀਬੀਆ ਅਤੇ ਸ੍ਰ. ਸੁਖਵਿੰਦਰ ਸਿੰਘ, motivator, ਬਲੱਡ ਬੈਂਕ, ਰਾਜਿੰਦਰਾ ਹਸਪਤਾਲ, ਪਟਿਆਲਾ ਦਾ ਖ਼ੂਨਦਾਨ ਦੀ ਮਹੱਤਤਾ ਵਿਸ਼ੇ ਨਾਲ ਸਬੰਧਤ ਲੈਕਚਰ ਕਰਵਾਇਆ ਗਿਆ। ਇਸੇ ਹੀ ਦਿਨ ਸਟੇਟ ਬੈਂਕ ਆਫ਼ ਪਟਿਆਲਾ ਦੇ ਸਹਿਯੋਗ ਨਾਲ ਕਾਲਜ ਵਿੱਚ ਇਕ **ਖ਼ੂਨਦਾਨ ਕੈਂਪ** ਵੀ ਲਗਾਇਆ ਗਿਆ। ਇਸ ਕੈਂਪ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਦਫ਼ਤਰੀ ਅਮਲੇ ਵਲੋਂ 92 ਯੂਨਿਟ ਖ਼ੂਨਦਾਨ ਕੀਤਾ ਗਿਆ।

ਮਿਤੀ 7 ਫਰਵਰੀ, 2008 ਨੂੰ ਯੂਥ ਕਲੱਬ ਵਲੋਂ ਕਾਲਜ ਵਿੱਚ ਉੱਘੇ ਸਾਹਿਤਕਾਰ ਸ੍ਰੀ ਓਮ ਪ੍ਰਕਾਸ਼ ਗਾਸੋ ਦਾ **ਸੁਚੱਜੀ ਜੀਵਨ ਧਾਰਾ** ਵਿਸ਼ੇ ਨਾਲ ਸਬੰਧਤ ਇਕ ਲੈਕਚਰ ਕਰਵਾਇਆ ਗਿਆ ।

## ਪਾਪੂਲੇਸ਼ਣ ਐਜੁਕੇਸ਼ਨ ਕਲੱਬ

ਪਾਪੂਲੇਸ਼ਣ ਐਜੁਕੇਸ਼ਨ ਕਲੱਬ ਵਲੋਂ, 25 ਫਰਵਰੀ, 2008 ਨੂੰ, ਡਾ. ਲਖਵਿੰਦਰ ਸਿੰਘ ਗਿੱਲ, ਰੀਡਰ ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ Population Development and Environmental Concerns ਵਿਸ਼ੇ ਉਪਰ ਅਕਸਟੈਂਸ਼ਨ ਲੈਕਚਰ ਕਰਵਾਇਆ ਗਿਆ।

## ਪੇਰੈਂਟਸ ਟੀਚਰਜ਼ ਐਸੋਸੀਏਸ਼ਨ

ਪੇਰੈਂਟਸ ਟੀਚਰਜ਼ ਐਸੋਸੀਏਸ਼ਨ ਦੇ ਇੰਚਾਰਜ ਪ੍ਰੋ. ਜਸਪ੍ਰੀਤ ਕੌਰ ਵਲੋਂ 19 ਨਵੰਬਰ, 2007 ਨੂੰ ਕਾਲਜ ਵਿੱਚ ਪੀ.ਟੀ.ਏ. ਮੀਟ ਕਰਵਾਈ ਗਈ। ਇਸ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਅਤੇ ਮਾਪਿਆਂ ਨੂੰ ਉਹਨਾਂ ਦੇ ਬੱਚਿਆਂ ਦੀ ਕਲਾਸਾਂ ਵਿੱਚ ਕਾਰਗੁਜ਼ਾਰੀ, ਹਾਜ਼ਰੀ, ਮਹੀਨੇਵਾਰ ਟੈਸਟਾਂ ਅਤੇ ਕਾਲਜ ਦੀਆਂ ਵੱਖ ਵੱਖ ਗਤੀਵਿਧੀਆਂ ਸਬੰਧੀ ਜਾਣਕਾਰੀ ਦਿੱਤੀ ਗਈ। ਮਾਪਿਆਂ ਨੇ ਵੀ ਆਧਿਆਪਕਾਂ ਨੂੰ ਕੁਝ ਸੁਝਾਅ ਦਿੱਤੇ, ਜਿਹਨਾਂ ਨੂੰ ਨੋਟ ਕੀਤਾ ਗਿਆ ਤਾਂ ਜੋ ਵਿਦਿਆਰਥੀਆਂ ਤੱਕ ਹੋਰ ਸਹੂਲਤਾਂ ਪਹੁੰਚਾਈਆਂ ਜਾ ਸਕਣ।

## ਲਾਇਬ੍ਰੇਰੀ

ਇਸ ਸੈਸ਼ਨ ਦੌਰਾਨ 1,30,498 ਰੁਪਏ ਦੀਆਂ 565 ਨਵੀਆਂ ਕਿਤਾਬਾਂ ਲਾਇਬ੍ਰੇਰੀ ਵਾਸਤੇ ਖ਼੍ਰੀਦੀਆਂ ਗਈਆਂ। ਇਸ ਸਮੇਂ ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਕੁਲ ਗਿਣਤੀ 26,118 ਹੋ ਗਈ ਹੈ। ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ 4000, ਅਧਿਆਪਕਾਂ ਅਤੇ ਗੈਰ ਅਧਿਆਪਕ ਮੈਂਬਰਾਂ ਨੂੰ 1500 ਦੇ ਕਰੀਬ ਕਿਤਾਬਾਂ ਇਸ਼ੂ ਕੀਤੀਆਂ ਗਈਆਂ। ਪੀ.ਟੀ.ਏ. ਫੰਡ ਵਿਚੋਂ ਕਾਲਜ ਦੇ ਨੈਸ਼ਨਲ ਲੈਵਲ ਦੇ ਖਿਡਾਰੀਆਂ, ਗਰੀਬ ਅਤੇ ਹੋਣਹਾਰ 50 ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ।

ਕਾਲਜ ਲਾਇਬ੍ਰੇਰੀ ਵਲੋਂ 12 ਅਤੇ 13 ਅਕਤੂਬਰ ਨੂੰ, ਕਾਲਜ ਵਿੱਚ ਗੁਰਮਤਿ ਪ੍ਰਕਾਸ਼ਨ ਵਲੋਂ ਕਿਤਾਬਾਂ ਦੀ ਪਰਦਰਸ਼ਨੀ ਲਗਵਾਈ ਗਈ। ਕਾਲਜ ਲਾਇਬ੍ਰੇਰੀ ਵਿੱਚ ਇਸ ਸਮੇਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ 16 ਅਖ਼ਬਾਰ, 50 ਮੈਗਜ਼ੀਨ ਅਤੇ 4 ਜਰਨਲ ਆ ਰਹੇ ਹਨ।

## ਕਾਲਜ ਮੈਗਜ਼ੀਨ 'ਦੀ ਪਟਿਆਲਾ'

ਵਿਦਿਆਰਥੀਆਂ ਦੀਆਂ ਸਾਹਿਤਕ ਰੁਚੀਆਂ ਨੂੰ ਪ੍ਰਫੁੱਲਤ ਕਰਨ ਲਈ ਤ੍ਰੈ-ਭਾਸ਼ੀ ਕਾਲਜ ਮੈਗਜ਼ੀਨ 'ਦੀ ਪਟਿਆਲਾ' ਕੱਢਿਆ ਜਾ ਰਿਹਾ ਹੈ। ਇਸ ਵਿੱਚ ਡਾ. ਗੁਰਦੀਸ਼ ਕੌਰ ਨੇ ਮੁੱਖ, ਡਾ. ਸੁਰਿੰਦਰ ਕੌਰ ਭਾਟੀਆ ਨੇ ਡਿਪਟੀ, ਡਾ. ਹਰਵਿੰਦਰ ਕੌਰ ਨੇ ਹਿੰਦੀ, ਡਾ. ਵਰਿੰਦਰਪਾਲ ਕੌਰ ਨੇ ਪੰਜਾਬੀ, ਪ੍ਰੋ. ਜਸਪ੍ਰੀਤ ਕੌਰ ਨੇ ਅੰਗਰੇਜ਼ੀ, ਪ੍ਰੋ. ਤਰਲੋਚਨ ਸਿੰਘ ਮਹਾਜਨ ਨੇ ਸਾਇੰਸ ਅਤੇ ਪ੍ਰੋ. ਜਸਲੀਨ ਕੌਰ ਨੇ ਕਮਰਸ ਸੈਕਸ਼ਨ ਦੇ ਅਧਿਆਪਕ ਸੰਪਾਦਕ ਵਜੋਂ ਕਾਰਜ ਕੀਤਾ ਹੈ।

## ਅਧਿਆਪਕਾਂ ਦੀਆਂ ਗਤੀਵਿਧੀਆਂ/ ਪ੍ਰਾਪਤੀਆਂ

ਪ੍ਰੋ. ਤਰਲੋਚਨ ਸਿੰਘ ਮਹਾਜਨ ਨੇ ਇਸ ਸੈਸ਼ਨ ਦੌਰਾਨ ਵੱਖ ਵੱਖ ਥਾਂਵਾਂ ਉੱਤੇ ਪੰਜ ਲੈਕਚਰ ਦਿੱਤੇ। ਪਹਿਲਾ 12 ਮਈ, 2007 ਨੂੰ ਅਕੈਡਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ ਪਟਿਆਲਾ ਵਿਖੇ ਲੱਗੇ, ਵਿਦਿਆਰਥੀ ਸਿਖਲਾਈ ਕੈਂਪ ਦੌਰਾਨ, **ਅੱਜ ਦੇ ਯੁੱਗ ਵਿੱਚ ਸਿੱਖ ਤੇ ਗੁਰਬਾਣੀ** ਵਿਸ਼ੇ ਉੱਤੇ, ਦੂਸਰਾ 10 ਅਗਸਤ, 2007 ਨੂੰ ਇਸ਼ਰਾਣਾ ਸਾਹਿਬ ਵਿਖੇ **ਗੁਰਬਾਣੀ ਅਤੇ ਵਿਗਿਆਨ** ਵਿਸ਼ੇ ਉੱਤੇ ਅਤੇ ਤੀਸਰਾ, 17 ਅਕਤੂਬਰ, 2007 ਨੂੰ ਇਸੇ ਹੀ ਵਿਸ਼ੇ ਉੱਤੇ, ਅਕਾਲ ਅਕੈਡਮੀ (ਬੜੂ ਸਾਹਿਬ) ਚੀਮਾ ਵਿਖੇ, ਚੌਥਾ ਜੀ.ਐਚ.ਜੀ. ਖ਼ਾਲਸਾ ਕਾਲਜ, ਗੁਰੂਸਰ ਸੁਧਾਰ, ਲੁਧਿਆਣਾ ਵਿਖੇ ਸਾਇੰਸ ਦੇ ਵਿਦਿਆਰਥੀਆਂ ਨੂੰ **ਸੰਪੇਖਤਾ ਦਾ ਸਿਧਾਂਤ**, ਵਿਸ਼ੇ ਉੱਤੇ ਅਤੇ ਪੰਜਵਾਂ ਸ਼ੁਤਰਾਣਾ ਵਿਖੇ, 25 ਅਗਸਤ, 2007 ਨੂੰ, **ਗੁਰਮਤਿ ਦੀ ਵਿਗਿਆਨ ਧਾਰਨਾ** ਵਿਸ਼ੇ ਉੱਤੇ ਲੈਕਚਰ ਦਿੱਤੇ। ਪ੍ਰੋ. ਮਹਾਜਨ ਦੇ, ਵਿਗਿਆਨ ਅਤੇ ਧਰਮ ਨਾਲ ਸਬੰਧਤ, ਕਈ ਆਰਟੀਕਲ ਪੰਜਾਬੀ ਟ੍ਰਿਬਿਊਨ ਅਤੇ ਅਜੀਤ ਅਖ਼ਬਾਰ ਵਿੱਚ ਪ੍ਰਕਾਸ਼ਤ ਹੋਏ।

ਪ੍ਰੋ. ਕੁਲਦੀਪ ਸਿੰਘ ਨੇ ਥਾਪਰ ਯੂਨੀਵਰਸਿਟੀ ਪਟਿਆਲਾ ਵਿਖੇ 7 ਫਰਵਰੀ ਤੋਂ 9 ਫਰਵਰੀ, 2008 ਤੱਕ ਹੋਈ 11ਵੀਂ ਪੰਜਾਬ ਸਾਇੰਸ ਕਾਂਗਰਸ ਵਿੱਚ ਭਾਗ ਲਿਆ।

ਡਾ. ਹਰਵਿੰਦਰ ਕੌਰ ਨੂੰ ਇਸ ਵਰ੍ਹੇ ਸਾਹਿਤਕ ਸਾਂਸਕ੍ਰਿਤਕ ਕਲਾ ਸੰਗਮ ਅਕਾਦਮੀ, ਪਰਿਆਵਾਂ ਪ੍ਰਤਾਪਗੜ੍ਹ (ਉੱਤਰ ਪ੍ਰਦੇਸ਼) ਵਲੋਂ **ਹਿੰਦੀ ਗਰਿਮਾ ਦੀ ਉਪਾਧੀ** ਨਾਲ **ਸਨਮਾਨਤ** ਕੀਤਾ ਗਿਆ। ਇਹਨਾਂ ਨੇ 14 ਸਤੰਬਰ, 2007 ਨੂੰ ਭਾਸ਼ਾ ਵਿਭਾਗ ਪੰਜਾਬ ਵਿਖੇ ਹਿੰਦੀ ਦਿਵਸ ਦੇ ਮੌਕੇ ਤੇ ਕਰਵਾਏ ਗਏ ਕਵੀ ਸੰਮੇਲਨ ਵਿੱਚ ਗਜ਼ਲ ਸੁਣਾਈ ਅਤੇ ਇਸੇ ਹੀ ਵਿਭਾਗ ਵਿੱਚ 19 ਜਨਵਰੀ, 2008 ਨੂੰ ਹੋਏ ਰਾਜ ਪੱਧਰ ਦੇ ਕਵੀ ਕੁੰਭ ਵਿੱਚ ਕਵਿਤਾ ਦਾ ਉਚਾਰਣ ਕੀਤਾ।

ਡਾ. ਹਰਵਿੰਦਰ ਕੌਰ ਨੇ 25 ਅਕਤੂਬਰ 2007 ਨੂੰ ਭਾਸ਼ਾ ਵਿਭਾਗ ਵਿਖੇ ਹੋਏ ਰਾਜ ਪੱਧਰ ਦੇ ਕਵਿਤਾ ਉਚਾਰਣ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਨਿਭਾਈ। ਇਹਨਾਂ ਦੀ ਗਜ਼ਲ ਤ੍ਰੈਮਾਸਿਕ ਹਿੰਦੀ ਮੈਗਜ਼ੀਨ **ਸ਼ਬਦ ਸਰੋਕਾਰ** ਦੇ ਹਰੇਕ ਅੰਕ ਵਿੱਚ ਪ੍ਰਕਾਸ਼ਤ ਹੋਈ। ਆਪ ਇਸ ਸਮੇਂ ਮਧੁਰਾਇ ਕਾਮਰਾਜ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨੂੰ **ਚਿਤਰਾ ਮੁਦਗਲ ਕੀ ਕਹਾਨੀਓ ਮੇਂ ਨਾਰੀ ਚਿਤਰਣ** ਵਿਸ਼ੇ ਤੇ ਐਮ.ਫਿਲ ਦਾ ਖੋਜ਼ ਕਾਰਜ ਕਰਵਾ ਰਹੇ ਹਨ।

ਡਾ. ਗੁਰਦੀਸ਼ ਕੌਰ ਯੂ.ਜੀ.ਸੀ. ਵਲੋਂ sponsored ਦੋ ਸਾਲਾ project ਅਧੀਨ **ਗੱਦੀ ਲੋਕਾਂ ਦੇ ਜੀਵਨ ਰਾਹ ਦੀਆਂ ਰਹੁ ਰੀਤਾਂ: ਚਿਹਨ ਵਿਗਿਆਨਕ ਅਧਿਐਨ** ਵਿਸ਼ੇ ਉੱਤੇ ਖੋਜ ਕਾਰਜ ਕਰ ਰਹੇ ਹਨ।

ਡਾ. ਚਰਨਜੀਤ ਕੌਰ ਦਾ ਲੇਖ **ਕੀ ਔਰਤ ਹੀ ਔਰਤ ਦੀ ਦੁਸ਼ਮਣ ਹੈ** 'ਜੀ ਏਸ਼ੀਆ' ਮੈਗਜ਼ੀਨ ਦੇ ਮਾਰਚ 2007 ਅੰਕ ਵਿੱਚ ਛਪਿਆ। ਇਹਨਾਂ ਦਾ ਇਹ ਲੇਖ ਪਹਿਲਾਂ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਵੀ ਛਪ ਚੁੱਕਾ ਹੈ। ਇਨ੍ਹਾਂ ਦਾ ਰਾਜਿੰਦਰ ਸਿੰਘ ਦੇ ਨਾਵਲ ਮਾਂਵਾਂ ਧੀਆਂ ਤੇ ਅਧਾਰਿਤ ਲੇਖ **ਮਾਂਵਾਂ ਧੀਆਂ: ਮਨਮਰਜੀ ਦੀ ਆਯਾਸ਼ੀ ਬਨਾਮ ਮੁਕਤੀ**, 8 ਅਪ੍ਰੈਲ 2007 ਨੂੰ ਨਵਾਂ ਜ਼ਮਾਨਾ ਅਖ਼ਬਾਰ ਦੇ ਐਤਵਾਰਤਾ ਅੰਕ ਵਿੱਚ ਪ੍ਰਕਾਸ਼ਤ ਹੋਇਆ। ਇਸੇ ਹੀ ਅਖ਼ਬਾਰ ਵਿੱਚ ਇਨ੍ਹਾਂ ਦਾ ਪੀ ਭਾਨੂੰ ਦੇ ਹਿੰਦੀ ਨਾਵਲ ਤੇ ਆਧਾਰਿਤ ਲੇਖ **ਪਹਾੜੀ ਜਿੰਦਗੀ ਦਾ ਚਿਤਰੰਣ : ਪਰਵਤ ਕੀ ਬੇਟੀ**, ਸਿਰਲੇਖ ਅਧੀਨ 22 ਜੁਲਾਈ,

ਬਲਦੇਵ ਸਿੰਘ ਦੇ ਨਾਵਲ **ਸਤਲੁਜ ਵਹਿੰਦਾ ਰਿਹਾ** ਤੇ ਆਧਾਰਤ ਲੇਖ **ਭਗਤ ਸਿੰਘ ਦੇ**
2007 ਨੂੰ ਅਤੇ ਬਲਦੇਵ ਸਿੰਘ ਦੇ ਨਾਵਲ **ਸਤਲੁਜ ਵਹਿੰਦਾ ਰਿਹਾ** ਤੇ ਆਧਾਰਤ ਲੇਖ ਭਗਤ ਸਿੰਘ ਦੇ ਸਤਲੁਜ ਵਹਿੰਦਾ ਰਿਹਾ, 26 ਅਗਸਤ, 2007 ਨੂੰ
**ਇਨਕਲਾਬੀ ਜੀਵਨ ਇਤਿਹਾਸ ਦਾ ਗਲਪੀ ਰੂਪਾਂਤਰਣ : ਸਤਲੁਜ ਵਹਿੰਦਾ ਰਿਹਾ**, 26 ਅਗਸਤ, 2007 ਨੂੰ
ਪ੍ਰਕਾਸ਼ਤ ਹੋਇਆ।

ਡਾ. ਚਰਨਜੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਲੋਂ ਅਯੋਜਤ
ਸੈਮੀਨਾਰਾਂ : 30 ਅਤੇ 31 ਮਾਰਚ,2007 ਨੂੰ **ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅੰਤਰ**
**ਰਾਸ਼ਟਰੀ ਸਰੋਕਾਰ** ਅਤੇ 15, 16 ਜਨਵਰੀ, 2008 ਨੂੰ **ਲੋਕਧਾਰਾ ਤੇ ਅਧੁਨਿਕਤਾ : ਰੂਪਾਂਤਰਣ ਅਤੇ**
**ਪੁਨਰ ਮੁਲਾਂਕਣ** ਵਿੱਚ ਬਤੌਰ ਡੈਲੀਗੇਟ ਭਾਗ ਲਿਆ। ਇਹਨਾਂ ਨੇ ਪੰਜਾਬੀ ਸਾਹਿਤ ਸਭਾ/ਕੋਟਕਪੂਰਾ ਅਤੇ
ਅਦਾਰਾ ਤ੍ਰਿਸ਼ਕੂ ਵਲੋਂ 15, 16 ਜਨਵਰੀ, 2008 ਨੂੰ **ਬਿਨ ਉਮਰੇ ਪਲ ਅਤੇ ਵਾਵਰੋਲਿਆਂ** ਵਿੱਚ ਘਿਰੀ ਹੋਂਦ
ਪੁਸਤਕਾਂ ਉੱਤੇ ਕਰਵਾਈ ਗਈ ਗੋਸ਼ਟੀ ਵਿੱਚ ਵੀ ਭਾਗ ਲਿਆ।

ਪੰਜਾਬੀ ਵਿਭਾਗ ਦੇ ਤਿੰਨ ਅਧਿਆਪਕਾਂ ਪ੍ਰੋ. ਪਰਮਜੀਤ ਕੌਰ, ਪ੍ਰੋ. ਗਗਨਦੀਪ ਸਿੰਘ ਅਤੇ ਪ੍ਰੋ.
ਸੁਖਮੋਹਨ ਕੌਰ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅਕਾਦਮਿਕ ਸਟਾਫ਼ ਕਾਲਜ ਵਿਖੇ ਪੰਜਾਬੀ ਵਿਭਾਗ
ਵਲੋਂ ਅਯੋਜਤ ਰਿਫਰੈਸ਼ਰ ਕੋਰਸ ਲਗਾਇਆ ਅਤੇ 'ਏ' ਗ੍ਰੇਡ ਹਾਸਲ ਕੀਤਾ।

ਪ੍ਰੋ. ਕਮਲ ਸੋਹਲ ਨੇ ਤਿੰਨ Exhibitions ਮਾਰਚ ਮਹੀਨੇ ਵਿੱਚ 'We' ਗਰੁੱਪ ਵਲੋਂ ਲਗਾਈ ਗਈ
ਸਲਾਨਾ ਚਿੱਤਰ ਪ੍ਰਦਰਸ਼ਨੀ, ਇਸੇ ਹੀ ਗਰੁੱਪ ਵਲੋਂ ਜੁਲਾਈ ਮਹੀਨੇ ਵਿੱਚ ਲਗਾਈ ਗਈ **ਸਾਵਨ ਚਿਤਰ**
**ਪ੍ਰਦਰਸ਼ਨੀ** ਅਤੇ ਅਗਸਤ ਮਹੀਨੇ ਵਿੱਚ ਮਿਊਂਸਿਪਲ ਕਾਰਪੋਰੇਸ਼ਨ ਵਲੋਂ ਲਗਾਈ ਗਈ **ਤੀਜ ਤਿਉਹਾਰ**
**ਚਿੱਤਰ ਪ੍ਰਦਰਸ਼ਨੀ** ਵਿੱਚ ਆਪਣੀਆਂ ਕਲਾ ਕ੍ਰਿਤਾਂ ਦੀ ਨੁਮਾਇਸ਼ ਲਗਾਈ। ਪ੍ਰੋ. ਕਮਲ ਸੋਹਲ ਨੇ 30
ਅਕਤੂਬਰ ਤੋਂ 1 ਨਵੰਬਰ ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ **ਪੰਜਾਬ ਦੇ ਕੰਧ ਚਿੱਤਰ**
Symposium ਵਿੱਚ ਬਤੌਰ Observer Delegate ਭਾਗ ਲਿਆ। ਇਨ੍ਹਾਂ ਨੇ ਮਿਊਂਸਿਪਲ ਕਾਰਪੋਰੇਸ਼ਨ
ਚੰਡੀਗੜ੍ਹ ਵਲੋਂ ਲਗਾਈ ਗਈ ਵਰਕਸ਼ਾਪ ਤੀਜ ਤਿਉਹਾਰ ਵਿੱਚ ਵੀ ਭਾਗ ਲਿਆ। ਇਨ੍ਹਾਂ ਨੂੰ ਪੰਜਾਬੀ
ਯੂਨੀਵਰਸਿਟੀ, ਪਟਿਆਲਾ ਦੇ ਬੋਰਡ ਆਫ਼ ਸਟੱਡੀਜ਼ ਇਨ ਫਾਇਨ ਆਰਟਸ ਦੇ ਮੈਂਬਰ ਅਤੇ ਪੰਜਾਬ
ਲਲਿਤ ਕਲਾ ਅਕੈਡਮੀ ਦੇ ਪਟਿਆਲਾ, ਮਾਨਸਾ ਅਤੇ ਬਠਿੰਡਾ ਜ਼ੋਨ ਦੇ Co-ordinator ਨਿਯੁਕਤ ਹੋਣ ਦਾ
ਵੀ ਮਾਣ ਹਾਸਲ ਹੋਇਆ।

ਪ੍ਰੋ. ਗੁਰਸ਼ਰਨ ਸਿੰਘ ਗਿੱਲ ਨੇ 18, 19 ਫਰਵਰੀ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ
ਹੋਈ ਕਾਨਫਰੰਸ "Holistic Approach to Health & Physical Fitness" ਵਿੱਚ ਸ਼ਿਰਕਤ ਕੀਤੀ।
ਇਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਦੀ ਹੈਂਡਬਾਲ ਟੀਮ, ਜਿਸ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ
ਮੁਕਾਬਲੇ ਵਿੱਚ ਸਿਲਵਰ ਮੈਡਲ ਹਾਸਲ ਕੀਤਾ, ਦਾ ਕੋਚ ਹੋਣ ਦਾ ਵੀ ਮਾਣ ਪ੍ਰਾਪਤ ਹੋਇਆ। ਇਹਨਾਂ ਦੀ
ਚੋਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਕਈ ਚੋਣ ਕਮੇਟੀਆਂ ਦੇ ਮੈਂਬਰ ਵਜੋਂ ਵੀ ਹੋਈ।

ਪ੍ਰੋ. ਸੁਖਮੀਨ ਕੌਰ ਦੀ ਪੁਸਤਕ Fundamentals of Information Technology
ਕਲਿਆਣੀ ਪਬਲੀਸ਼ਰਜ਼ ਦੁਆਰਾ ਪ੍ਰਕਾਸ਼ਤ ਕੀਤੀ ਗਈ।

ਪ੍ਰੋ. ਬਲਬੀਰ ਕੌਰ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 6 ਸਤੰਬਰ ਤੋਂ 27 ਸਤੰਬਰ ਤੱਕ
ਰਿਫਰੈਸ਼ਰ ਕੋਰਸ ਲਗਾਇਆ ਅਤੇ 'ਏ' ਗ੍ਰੇਡ ਹਾਸਲ ਕੀਤਾ। ਇਹਨਾਂ ਨੇ 25 ਅਕਤੂਬਰ ਨੂੰ ਪੰਜਾਬ
ਯੂਨੀਵਰਸਿਟੀ ਦੇ ਜ਼ੋਨਲ ਯੂਥ ਫੈਸਟੀਵਲ ਦੌਰਾਨ ਡੀ.ਏ.ਵੀ. ਕਾਲਜ, ਸੈਕਟਰ 46 ਵਿਖੇ ਬਤੌਰ ਜੱਜ
Heritage Items ਦੀ ਜੱਜਮੈਂਟ ਕੀਤੀ। ਇਨ੍ਹਾਂ ਨੂੰ 2006 ਤੋਂ 2008 ਤੱਕ ਬੋਰਡ ਆਫ਼ ਸਟੱਡੀਜ਼ ਇਨ
ਹੋਮ ਸਾਇੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੈਂਬਰ ਚੁਣੇ ਜਾਣ ਦਾ ਮਾਣ ਵੀ ਹਾਸਲ ਹੋਇਆ।

ਪ੍ਰੋ. ਸੰਦੀਪ ਕੌਰ ਨੇ 6 ਸਤੰਬਰ ਤੋਂ 27 ਸਤੰਬਰ ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ
ਰਿਫਰੈਸ਼ਰ ਕੋਰਸ ਲਗਾਇਆ ਅਤੇ 'ਏ' ਗ੍ਰੇਡ ਹਾਸਲ ਕੀਤਾ। ਇਨ੍ਹਾਂ ਨੇ 15 ਅਕਤੂਬਰ ਨੂੰ ਪੰਜਾਬੀ
ਯੂਨੀਵਰਸਿਟੀ, ਪਟਿਆਲਾ ਨੇ ਨੇਬਰਹੁੱਡ ਕੈਂਪਸ, ਰਾਮਪੁਰਾ ਫੂਲ ਵਿਖੇ ਹੋਏ ਜ਼ੋਨਲ ਯੂਥ ਫੈਸਟੀਵਲ ਵਿੱਚ
ਗਿੱਧੇ ਦੀ ਜੱਜਮੈਂਟ ਕੀਤੀ। ਇਹਨਾਂ ਨੇ 25 ਅਕਤੂਬਰ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡੀ.ਏ.ਵੀ.
ਕਾਲਜ, ਸੈਕਟਰ 26 ਵਿਖੇ ਹੋਏ ਜ਼ੋਨਲ ਯੂਥ ਫੈਸਟੀਵਲ ਵਿੱਚ Heritage Items ਦੀ ਜੱਜਮੈਂਟ ਕੀਤੀ
ਅਤੇ 16 ਨਵੰਬਰ ਨੂੰ ਇਸੇ ਹੀ ਯੂਨੀਵਰਸਿਟੀ ਦੇ ਡੀ.ਏ. ਵੀ ਕਾਲਜ, ਅਬੋਹਰ ਵਿਖੇ ਹੋਏ ਅੰਤਰ ਜ਼ੋਨਲ
ਯੂਥ ਫੈਸਟੀਵਲ ਵਿੱਚ 'ਲੋਕ ਨਾਚਾਂ' ਦੀ ਜੱਜਮੈਂਟ ਕੀਤੀ।

ਪ੍ਰੋ. ਸੰਦੀਪ ਕੌਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਫਾਈਨ ਆਰਟਸ ਵਿਭਾਗ ਵਲੋਂ Punjab Murals ਵਿਸ਼ੇ ਤੇ ਕਰਵਾਏ ਵਏ ਤਿੰਨ ਰੋਜਾ ਸਿਮਪੋਜ਼ੀਅਮ (30 ਅਕਤੂਬਰ ਤੋਂ 1 ਨਵੰਬਰ ਤੱਕ )ਵਿੱਚ ਬਤੌਰ ਅਬਜ਼ਰਵਰ ਭਾਗ ਲਿਆ। ਇਹਨਾਂ ਨੇ 16 ਅਤੇ 19 ਦਸੰਬਰ ਨੂੰ Cultural exchange ਪ੍ਰੋਗਰਾਮ ਦੇ ਤਹਿਤ ਸਿੰਘਾਪੁਰ ਤੋਂ ਆਏ ਵਿਦਿਆਰਥੀਆਂ ਨੂੰ Folk ਵਿਸ਼ੇ ਉੱਤੇ ਦੋ lectures cum demonstations ਦਿੱਤੀਆਂ।

ਪ੍ਰੋ. ਵਿਕਰਮ ਗੁਪਤਾ ਦੀਆਂ ਤਿੰਨ ਪੁਸਤਕਾਂ Programming in Computer, DBMS with Access ਅਤੇ Fundamentals of Information Technology, ਕਲਿਆਣੀ ਪਬਲਿਸ਼ਰਜ ਦੁਆਰਾ ਪ੍ਰਕਾਸ਼ਤ ਕੀਤੀਆਂ ਗਈਆਂ।ਇਹਨਾਂ ਨੇ ਪੰਜਾਬ ਸਾਇੰਸ ਅਕਾਦਮੀ ਵਲੋਂ ਥਾਪਰ ਯੂਨੀਵਰਸਿਟੀ, ਪਟਿਆਲਾ ਵਿਖੇ ਲਗਾਈ ਗਈ ਤਿੰਨ ਰੋਜਾ ਵਰਕਸ਼ਾਪ ਵਿੱਚ ਭਾਗ ਲਿਆ।

ਪ੍ਰੋ. ਜਸਪ੍ਰੀਤ ਕੌਰ ਨੇ Employment Exchange ਵਲੋਂ ਵੱਖ ਵੱਖ ਕਾਲਜਾਂ ਵਿੱਚ ਕਰਵਾਏ ਗਏ ਲੈਕਚਰਾਂ ਦੀ ਲੜੀ ਅਧੀਨ 19 ਅਕਤੂਬਰ 2007 ਨੂੰ ਫ਼ਿਜੀਕਲ ਕਾਲਜ, ਪਟਿਆਲਾ ਵਿਖੇ Importance of Communication Skills ਵਿਸ਼ੇ ਤੇ ਲੈਕਚਰ ਦਿੱਤਾ।

ਡਾ. ਪਰਮਦੀਪ ਕੌਰ ਨੇ 2 ਦਸੰਬਰ ਤੋਂ 28 ਦਸੰਬਰ, 2007 ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਓਰੀਅਨਟੇਸ਼ਨ ਕੋਰਸ ਲਗਾਇਆ। ਇਹਨਾਂ ਦੀ ਚੋਣ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਕਈ ਚੋਣ ਕਮੇਟੀਆਂ ਦੇ ਮੈਂਬਰ ਵਜੋਂ ਵੀ ਹੋਈ।

ਡਾ. ਵਰਿੰਦਰਪਾਲ ਕੌਰ ਦਾ ਖੋਜ ਪੱਤਰ **ਕੁਲਵੰਤ ਸਿੰਘ ਵਿਰਕ ਦੀਆਂ ਦੇਸ਼-ਵੰਡ ਨਾਲ ਸਬੰਧਤ ਕਹਾਣੀਆਂ**, ਪੰਜਾਬੀ ਦੁਨੀਆਂ, ਮੈਗਜ਼ੀਨ ਦੇ ਕੁਲਵੰਤ ਸਿੰਘ ਵਿਰਕ ਵਿਸ਼ੇਸ਼ ਅੰਕ ਵਿੱਚ ਛਪਿਆ। ਇਹਨਾਂ ਦਾ ਲੇਖ **ਧੀਆਂ ਤੇ ਫੁੱਲ ਬੂਟੇ** 23 ਫਰਵਰੀ, 2008 ਨੂੰ ਪੰਜਾਬੀ ਟ੍ਰਿਬਿਊਨ ਵਿੱਚ ਛਪਿਆ।

ਪ੍ਰੋ. ਹਰਵਿੰਦਰ ਕੌਰ ਮਿਊਜ਼ਿਕ ਵਿਭਾਗ ਦੀ ਚੋਣ, ਡਾਇਰੈਕਟਰ ਯੁਵਕ ਭਲਾਈ ਸੇਵਾਵਾਂ, ਪੰਜਾਬ ਵਲੋਂ ਵਿਦਿਆਰਥੀਆਂ ਨੂੰ ਗਰੁਪ ਸੌਂਗ ਡਾਇਰੈਕਟ ਕਰਨ ਵਾਸਤੇ ਹੋਈ।

ਪ੍ਰੋ. ਬਲਜੀਤ ਕੌਰ ਨੂੰ ਸਤੰਬਰ, 2007 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ 'ਬਾਣੀਆਂ ਦੀ ਬੋਲੀ ਦਾ ਵਿਆਕਰਣਿਕ ਅਧਿਐਨ' ਵਿਸ਼ੇ ਤੇ ਐਮ.ਫਿਲ ਦੀ ਡਿਗਰੀ ਪ੍ਰਦਾਨ ਕੀਤੀ ਗਈ।

ਅੰਤ ਵਿੱਚ ਮੈਂ ਆਪਣੇ ਸਟਾਫ਼ ਟੀਚਿੰਗ, ਨਾਨ ਟੀਚਿੰਗ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਦੀ ਮਿਹਨਤ ਅਤੇ ਲਗਨ ਸਦਕਾ ਕਾਲਜ ਇਹਨਾਂ ਪ੍ਰਾਪਤੀਆਂ ਦਾ ਹੱਕਦਾਰ ਬਣਿਆ ਹੈ।

ਡਾ. ਦਇਆ ਸਿੰਘ ਧਾਲੀਵਾਲ
ਪ੍ਰਿੰਸੀਪਲ